ਰਾਸ਼ਟਰੀ ਜੀਵਨੀਆਂ ਦੀ ਲੜੀ

ਅਮੀਰ ਖ਼ੁਸਰੋ

ਸੱਯਦ ਗ਼ੁਲਾਮ ਸਮਨਾਨੀ

ਅਨੁਵਾਦਕ

ਗੁਰਦਿਆਲ ਸਿੰਘ

ਨੈਸ਼ਨਲ ਬੁਕ ਟਰੱਸਟ, ਇੰਡੀਆ

ਪਹਿਲਾ ਸੰਸਕਰਣ 1969 (ਸ਼ੱਕ ਸੰਮਤ 1891)
ਦੂਜਾ ਸੰਸਕਰਣ 1990 (ਸ਼ੱਕ ਸੰਮਤ 1912)

AMIR KHUSRAU (Punjabi)

ਮੁੱਲ : 7.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ, ਨਵੀਂ ਦਿੱਲੀ-110016 ਵਲੋਂ ਪ੍ਰਕਾਸ਼ਤ ।

ਅਮੀਰ ਖ਼ੁਸਰੋ

੧

ਅਮੀਰ ਖ਼ੁਸਰੋ ਦਾ ਜਨਮ ਸੁਲਤਾਨ ਨਸੀਰਉੱਦੀਨ ਮਹਿਮੂਦ ਦੇ ਰਾਜ ਦੇ ਅੱਠਵੇਂ ਵਰ੍ਹੇ ਵਿਚ ਹੋਇਆ ਤੇ ਉਹਦੀ ਪ੍ਰਸਿੱਧੀ ਸੁਲਤਾਨ ਗਿਆਸਉੱਦੀਨ ਬਲਬਨ ਦੇ ਅਹਿਦ ਵਿਚ ਹੋਈ। ਬਲਬਨ, ਆਪਣੀਆਂ ਸਰਹੱਦਾਂ ਦੇ ਅੰਦਰ ਅਮਨ-ਕਾਨੂੰਨ ਸਥਾਪਤ ਕਰਨ ਲਈ ਤੇ ਦੇਸ਼ ਵਿਚ ਏਕਤਾ ਤੇ ਪ੍ਰਭੁਤਾ ਕਾਇਮ ਰਖਣ ਲਈ ਰਣ ਖੇਤਰ ਵਿਚ ਸ਼ਮਸ਼ੀਰ ਦੇ ਜੌਹਰ ਵਿਖਾਣ ਵਾਲਾ ਇਕ ਸਿਪਾਹੀ ਹੀ ਨਹੀਂ ਸੀ ; ਉਹ ਫ਼ਕੀਰਾਂ ਤੇ ਵਿਦਵਾਨਾਂ ਦਾ ਮੱਦਾਹ, ਕਦਰਦਾਨ ਤੇ ਉਹਨਾਂ ਦਾ ਸਰਪ੍ਰਸਤ ਸੀ। ਮੌਲਾਨਾ ਬੁਰਹਾਨਉੱਦੀਨ ਮਹਿਮੂਦ, ਨਾਜ਼ਮਉੱਦੀਨ ਅਬਦੁਲ ਅਜ਼ੀਜ਼, ਸ਼ੇਖ਼ ਸਿਰਾਜਉੱਦੀਨ ਅਬੂਬਕਰ, ਮੌਲਾਨਾ ਬੁਰਹਾਨਉੱਦੀਨ ਬਜ਼ਾਜ਼, ਕਾਜ਼ੀ ਰੁਕਨਉੱਦੀਨ ਸਮਾਨਵੀ, ਮੌਲਾਨਾ ਕਮਾਲਉੱਦੀਨ ਜ਼ਾਹਿਦ, ਮੌਲਾਨਾ ਸ਼ਮਸਉੱਦੀਨ ਖ਼ਵਾਰਿਜ਼ਮੀ ਤੇ ਮੌਲਾਨਾ ਫ਼ਖ਼ਰਉੱਦੀਨ ਨਾਇਬ, ਉਹਨਾਂ ਪ੍ਰਸਿਧ ਹਸਤੀਆਂ ਵਿਚੋਂ ਸਨ ਜਿਨ੍ਹਾਂ ਨਾਲ ਬਲਬਨ ਦੇ ਬੜੇ ਹੀ ਚੰਗੇ ਸੰਬੰਧ ਸਨ। ਉਹ ਆਪ ਵਿਦਵਾਨ ਨਹੀਂ ਸੀ, ਪਰ ਉਹਦੀ ਸ਼ਖ਼ਸੀਅਤ ਉਤੇ ਇਹਨਾਂ ਸਾਰੇ ਪੁਰਸ਼ਾਂ ਦੀ ਵਿਦਵਤਾ ਤੇ ਸਦ-ਗੁਣਾਂ ਦੇ ਪ੍ਰਭਾਵ ਦੀ ਛਾਪ ਸੀ।

ਬਲਬਨ ਦੀ ਫ਼ਕੀਰਾਂ ਤੇ ਵਿਦਵਾਨਾਂ ਨਾਲ ਏਨੀ ਨੇੜਤਾ ਹੋ ਗਈ ਸੀ ਕਿ ਉਹ ਕਵੀਆਂ ਵਲ ਬਹੁਤਾ ਧਿਆਨ ਨਹੀਂ ਸੀ ਦੇ ਸਕਿਆ, ਪਰ ਤਦ ਵੀ ਜੋ ਉਹਦੇ ਦਰਬਾਰ ਆਇਆ ਤੇ ਉਹਦੀ ਸਿਫ਼ਤ-ਸਲਾਹ ਵਿਚ ਕੁਝ ਗੌਂ ਗਿਆ, ਕਦੇ ਖ਼ਾਲੀ ਹੱਥ ਨਾ ਮੁੜਿਆ। ਉਹਦੇ ਸ਼ਹਿਜ਼ਾਦਿਆਂ ਤੇ ਉਮਰਾਵਾਂ ਵਿਚੋਂ ਇਕ ਸਖ਼ੀ ਦਿਲ ਨੇ ਇਹਨਾਂ ਕਵੀਆਂ ਦੀ ਸਰਪ੍ਰਸਤੀ ਨੂੰ ਹੋਰ ਵੀ ਸਹਾਰਾ ਦਿਤਾ। ਇਹ ਸਭ ਇਸ ਗੱਲ ਦਾ ਸਬੂਤ ਹੈ ਕਿ ਭਾਵੇਂ ਉਹਦਾ ਫ਼ਕੀਰਾਂ ਤੇ ਵਿਦਵਾਨਾਂ ਨਾਲ ਕਿੰਨਾ ਵੀ ਸੰਬੰਧ ਸੀ, ਪਰ ਬਲਬਨ ਨੇ ਕਵਿਤਾ ਦਾ ਵੀ ਉਤਸ਼ਾਹ ਨਹੀਂ ਸੀ ਮਾਰਿਆ।

ਉਹਦਾ ਸਭ ਤੋਂ ਵੱਡਾ ਪੁੱਤਰ, ਸ਼ਹਿਜ਼ਾਦਾ ਮੁਹੰਮਦ, ਜੋ ਖ਼ਾਨ ਸ਼ਾਹਿਦ

ਕਰ ਕੇ ਪ੍ਰਸਿਧ ਸੀ, ਕਵੀਆਂ ਦਾ ਬਹੁਤ ਵੱਡਾ ਸਰਪ੍ਰਸਤ ਸੀ। ਸ਼ਮਸ ਦਾਬੀਰ, ਕਾਜ਼ੀ ਆਥਿਰ, ਅਮੀਰ ਖ਼ੁਸਰੋ ਤੇ ਅਮੀਰ ਹਸਨ ਸਿਜਜ਼ੀ ਨੇ ਉਹਦੀ ਸਿਫ਼ਤ ਗੰਵੀ ਹੈ। ਸ਼ਹਿਜ਼ਾਦਾ ਮੁਹੰਮਦ ਨੂੰ ਕਵਿਤਾ ਨਾਲ ਏਨਾ ਮੱਸ ਸੀ ਕਿ ਉਹਦੇ ਦੁਆਲੇ ਕਵੀਆਂ ਦੀ ਮਹਿਫ਼ਲ ਜੁੜੀ ਹੀ ਰਹਿੰਦੀ ਸੀ। ਜਦੋਂ ਮੰਗੋਲ ਲਾਹੌਰ, ਦੀਬਾਪੁਰ ਤੇ ਮੁਲਤਾਨ ਨੂੰ ਤਬਾਹ ਕਰਦੇ ਹੋਏ ਭਾਰਤ ਉਤੇ ਚੜ੍ਹਾਈ ਕਰ ਕੇ ਆਏ ਤੇ ਉਹਨਾਂ ਨਾਲ ਲੜਦਿਆਂ ਉਹ ਰਣ-ਖੇਤਰ ਵਿਚ ਮਾਰਿਆ ਗਿਆ ਤਾਂ ਉਹਦੀ ਯਾਦ ਵਿਚ ਕਵੀਆਂ ਨੇ ਮਰਸੀਏ ਲਿਖੇ। ਅਮੀਰ ਖ਼ੁਸਰੋ ਨੇ ਕਈ ਮਰਸੀਏ ਲਿਖੇ ਜਿਨ੍ਹਾਂ ਵਿਚੋਂ ਪਹਿਲੇ ਦੇ ਗਿਆਰਾਂ ਬੰਦ ਹਨ। ਤੇ ਹਰੇਕ ਬੰਦ ਵਿਚ ਬਾਰਾਂ-ਬਾਰਾਂ ਦੋਹਰੇ ਹਨ। ਸ਼ਹਿਜ਼ਾਦੇ ਦੀ ਮੌਤ ਤੇ ਡੂੰਘਾ ਦੁਖ ਅਨੁਭਵ ਕਰਦਿਆਂ ਉਹ ਕਹਿੰਦਾ ਹੈ :

"ਕੀ ਇਹ ਸਚਾਈ ਹੈ ਜਾਂ ਅਸਮਾਨੋਂ ਕੋਈ ਗ਼ੈਬੀ ਮੁਸੀਬਤ ਹੀ ਟੁੱਟੀ ਹੈ ? ਕੀ ਇਹ ਕਹਿਰ ਹੈ ਜਾਂ ਦੁਨੀਆਂ ਵਿਚ ਕਿਆਮਤ ਆ ਗਈ ਏ ? ਇਕ ਕਹਿਰੀ ਤੂਫ਼ਾਨ ਨੇ ਧਰਤ ਦੀਆਂ ਜੜ੍ਹਾਂ ਹਿਲਾ ਦਿਤੀਆਂ ਨੇ। ਏਸ ਵਰ੍ਹੇ ਹਿੰਦੁਸਤਾਨ ਦੀ ਧਰਤੀ ਜਿਵੇਂ ਤ੍ਰੇੜੀ ਗਈ ਏ ! ਮਿੱਤਰਾਂ ਦੀ ਸਭਾ ਇਉਂ ਖਿੰਡ ਗਈ ਏ ਜਿਵੇਂ ਹਵਾ ਫੁੱਲਾਂ ਦੀਆਂ ਪੱਤੀਆਂ ਖਿਲਾਰ ਦਿੰਦੀ ਏ। ਇਉਂ ਜਾਪਦੈ ਜਿਵੇਂ ਬਾਗੀਂ ਪੱਤਝੜ ਆ ਗਈ ਹੋਵੇ। ਚਹੁੰ-ਕੂਟੀਂ ਲੋਕਾਂ ਦੀਆਂ ਅੱਖਾਂ 'ਚ ਏਨਾ ਪਾਣੀ ਹੜ੍ਹ ਆਇਆ ਏ ਕਿ ਮੁਲਤਾਨ ਵਿਚ ਹੋਰ ਪੰਜ-ਦਰਿਆ ਵਗੀਂਦੇ ਦਿਸਦੇ ਨੇ......ਕੇਹਾ ਸਮਾਂ ਸੀ ਜਦੋਂ ਬਾਦਸ਼ਾਹ ਮੁਲਤਾਨੋਂ ਆਪਣੀ ਫ਼ੌਜ ਲੈ ਕੇ ਤੁਰਿਆ ਤੇ ਇਕ ਕਾਫ਼ਰ ਨੂੰ ਮਾਰਨ ਲਈ ਉਹਨੇ ਆਪਣੀ ਕਾਫ਼ਰ-ਸੰਘਾਰਨੀ ਤਲਵਾਰ ਸੂਤੀ ਸੀ। ਉਸ, ਉਸੇ ਫ਼ੌਜ ਉਤੇ ਹੀ ਭਰੋਸਾ ਕੀਤਾ ਜੋ ਉਸ ਵੇਲੇ ਉਹਦੇ ਕੋਲ ਸੀ ਤੇ ਹੋਰ ਕੁਮਕ ਦੀ ਉਡੀਕ ਨਾ ਕੀਤੀ ਕਿਉਂਕਿ ਰੁਸਤਮ ਨੂੰ ਇਕ ਫ਼ੌਜ ਦਾ ਮੁਥਾਜ ਹੋਣਾ ਸੋਭਦਾ ਨਹੀਂ। ਜਦੋਂ ਹੀ ਉਹਨੂੰ ਵੈਰੀ ਦੀ ਪਹੁੰਚ ਦਾ ਪਤਾ ਲਗਿਆ, ਉਹ ਕ੍ਰੋਧ ਵਿਚ ਆ ਗਿਆ, ਤੇ ਜਿੰਨੀ ਵੀ ਫ਼ੌਜ ਸੀ ਉਹੋ ਲੈ ਕੇ ਨਿਡਰਤਾ ਨਾਲ ਝੰਡਾ ਝੁਲਾਂਦਾ ਅਗੇ ਵਧਿਆ। ਉਹ ਪਲਾਂ ਵਿਚ ਮੁਲਤਾਨੋਂ ਲਾਹੌਰ ਪੁਜ ਗਿਆ। ਉਹ ਸੋਚ ਰਿਹਾ ਸੀ ਕਿ, 'ਮੇਰੇ ਰਾਜ ਵਿਚ ਕਿਵੇਂ ਕੋਈ ਕਾਫ਼ਰ ਸਿਰ ਚੁੱਕਣ ਦਾ ਹੌਸਲਾ

ਕਰ ਸਕਦਾ ਏ ? ਏਸ ਵਰ੍ਹੇ ਮੈਂ ਉਹਨਾਂ ਦੇ ਖ਼ੂਨ ਨਾਲ ਇੰਜ ਧਰਤੀ ਰੰਗ ਦਿਆਂਗਾ ਕਿ ਆਥਣ ਦਾ ਘੁਸਮੁਸਾ ਵੀ ਇਸ ਕੋਲੋਂ ਰੰਗ ਮੰਗਿਆ ਕਰੇਗਾ।' ਉਸ ਇੰਜ ਸੋਚਿਆ, ਪਰ ਉਹ ਇਸ ਗੱਲ ਬਾਰੇ ਚੇਤੰਨ ਨਹੀਂ ਸੀ ਕਿ ਕਿਸਮਤ ਨੇ ਉਹਦੀ ਵਿਉਂਤ ਵਾਲਾ ਪੰਨਾ ਪਾੜ ਦਿਤਾ ਹੈ। ਕੇਹਾ ਉਹ ਸਮਾਂ ਸੀ ਜਦੋਂ ਕਾਫ਼ਰਾਂ ਨੇ ਹੱਲਾ ਬੋਲਿਆ ! ਉਹ ਦਸਤੇ ਬਣਾ ਕੇ ਦਰਿਆ ਪਾਰ ਕਰ ਆਏ ਤੇ ਚਾਣਚੱਕ ਹੀ ਬਾਦਸ਼ਾਹ ਦੀ ਫ਼ੌਜ ਉਤੇ ਆ ਪਏ।"

ਇੰਜ ਅਸੀਂ ਵੇਖਦੇ ਹਾਂ ਕਿ ਇਹਨਾਂ ਕਵੀਆਂ ਵਲੋਂ, ਬਲਬਨ ਦੀ ਕਵਿਤਾ ਵਲ ਬੇ-ਧਿਆਨੀ ਦਾ ਬਹੁਤਾ ਖ਼ਿਆਲ ਨਹੀਂ ਸੀ ਕੀਤਾ ਜਾਂਦਾ। ਇਹਨਾਂ ਬੰਦਾਂ ਵਿਚੋਂ ਖ਼ੁਸਰੋ ਦੀ ਸ਼ਹਿਜ਼ਾਦੇ ਨਾਲ ਨੇੜਤਾ ਪ੍ਰਤੱਖ ਹੈ। ਹਸਨ ਸਿਜਜ਼ੀ ਨੇ ਵੀ ਸ਼ਹਿਜ਼ਾਦੇ ਦੀ ਮੌਤ ਦਾ ਦੁਖ ਵਾਰਤਕ ਵਿਚ ਲਖਿਆ ਹੈ। ਉਹ ਇਸ ਦੁਖ ਨੂੰ ਇੰਜ ਪ੍ਰਗਟ ਕਰਦਾ ਹੈ :

"ਉਸ ਤਬਾਹੀ ਤੇ ਕਸ਼ਟ ਦੇ ਘੋਰ ਘੱਲੂਘਾਰੇ ਤੇ ਕਹਿਰ ਵਿਚੋਂ, ਬਿਧਮਾਤਾ ਦੀ ਇਕ ਰੇਖ ਉਘੜੀ ਤੇ ਅਚਾਨਕ ਉਸ ਰਣ-ਖੇਤਰ ਦੇ ਅਤਿ ਸਤਿਕਾਰੇ ਯੋਧੇ-ਬਾਜ਼ ਦੀ ਬਾਂਹ ਉਤੇ ਮਾਰ ਕਰ ਗਈ ਤੇ ਰੂਹ ਦਾ ਪੰਛੀ ਉਹਦੀ ਦਿਹ ਛੱਡ ਕੇ ਜੱਨਤ ਦੇ ਬਾਗ਼ੀਂ ਉਡਾਰੀ ਮਾਰ ਗਿਆ। ਸੱਚ ਹੈ, ਖ਼ੁਦਾ ਦੇ ਭੇਜੇ ਬੰਦੇ ਦੁਨੀਆਂ ਵਿਚ ਆਉਂਦੇ ਹਨ, ਤੇ ਉਸੇ ਦੇ ਬੁਲਾਏ ਚਲੇ ਜਾਂਦੇ ਹਨ। ਅਸੀਂ ਉਸੇ ਦੇ ਬੰਦੇ ਹਾਂ ਉਸੇ ਕੋਲ ਜਾਣਾ ਹੈ। ਉਸੇ ਵੇਲੇ ਮੁਹੰਮਦ ਦੇ ਮਜ਼੍ਹਬ (ਰੱਬ ਉਹਨੂੰ ਸ਼ਾਂਤੀ ਬਖ਼ਸ਼ੇ !) ਇਕ ਯਤੀਮ ਦੇ ਦਿਲ ਵਾਂਗ ਟੁੱਟ ਗਈ ਤੇ ਐਨ ਉਸੇ ਵੇਲੇ ਇਸਲਾਮ ਦੀਆਂ ਫ਼ਸੀਲਾਂ ਪਰਦੇਸੀਆਂ ਦੀ ਕਬਰ ਵਾਂਗ ਹੇਠ ਧਸ ਗਈਆਂ। ਦੇਸ਼ ਦੀ ਬਾਂਹ ਦੀ ਤਾਕਤ ਅਲੋਪ ਹੋ ਗਈ ਤੇ ਜਿਹੜੀ ਟੇਕ ਇਸਲਾਮ ਨੇ ਉਸ ਉਤੇ ਲਾਈ ਸੀ, ਉਹ ਮਿਟ ਗਈ।

ਸਮਕਾਲੀ ਇਤਿਹਾਸਕਾਰ ਮੌਲਾਨਾ ਜ਼ਿਆਉੱਦੀਨ ਬਰਨੀ ਨੇ ਖ਼ੁਸਰੋ ਤੇ ਹਸਨ ਦਿਹਲਵੀ ਦੋਵਾਂ ਨੂੰ ਸ਼ਹਿਜ਼ਾਦੇ ਦੀ ਮੌਤ ਦਾ ਦੁੱਖ ਮਨਾਉਂਦਿਆਂ ਸੁਣਿਆਂ ਤੇ ਕਿਹਾ ਕਿ ਜੇ ਉਹਨਾਂ ਦਾ ਗ੍ਰਹਿ-ਚੱਕਰ ਸਿੱਧਾ ਹੁੰਦਾ, ਤਾਂ ਸ਼ਹਿਜ਼ਾਦਾ ਮੁਹੰਮਦ ਜੀਉਂਦਾ ਰਹਿੰਦਾ ਤੇ ਬਲਬਨ ਦਾ ਜਾਂਨਸ਼ੀਨ ਬਣਦਾ। ਖ਼ੁਸਰੋ ਦਾ

ਕਵਿਤਾ ਤੇ ਹਸਨ ਦਿਹਲਵੀ ਦਾ ਵਾਰਤਕ 'ਚ ਲਿਖਿਆ ਮਰਸੀਆ ਦੋਵੇਂ ਸ਼ਹਿਜ਼ਾਦੇ ਦੀ ਮੌਤ ਉਤੇ ਉਹਨਾਂ ਦੇ ਡੂੰਘੇ ਦੁਖ ਦਾ ਝਲਕਾਰਾ ਹਨ। ਦੋਹਾਂ ਨੇ ਉਸ ਨੂੰ ਕਵਿਤਾ ਦੇ ਸੱਚੇ ਸਰਪ੍ਰਸਤ ਵਜੋਂ ਪਛਾਣ ਲਿਆ ਸੀ। ਇਹ ਸੱਚ ਹੈ ਕਿ ਜੇ ਉਹ ਜੀਊਂਦਾ ਰਹਿੰਦਾ ਤੇ ਆਪਣਾ ਕੀਤਾ ਵਾਇਦਾ ਪੂਰਾ ਕਰ ਜਾਂਦਾ, ਤਾਂ ਭਾਰਤ ਵਿਚ ਫ਼ਾਰਸੀ-ਸਾਹਿੱਤ ਦੇ ਇਤਿਹਾਸ ਦੀ ਧਾਰਾ ਉੱਕਾ ਵਖਰੇ ਪਾਸੇ ਵਹਿ ਤੁਰੀ ਹੁੰਦੀ।

ਗ਼ੁਲਾਮ ਬਾਦਸ਼ਾਹਾਂ ਦੇ ਜ਼ਮਾਨੇ ਵਿਚ ਕਵੀਆਂ ਤੇ ਵਿਦਵਾਨਾਂ ਲਈ ਬੜਾ ਅਨੁਕੂਲ ਵਾਤਾਵਰਨ ਰਿਹਾ। ਉਹਨਾਂ ਜੋ ਕੁਝ ਅਨੁਭਵ ਕੀਤਾ, ਤੇ ਜਿਵੇਂ ਉਹਨਾਂ ਦਾ ਜੀਅ ਕੀਤਾ, ਉਹਨਾਂ ਆਪਣੀ ਕਲਪਨਾ-ਸ਼ਕਤੀ ਆਸਰੇ ਵਿਅਕਤ ਕੀਤਾ। ਸਾਡੇ ਕਵੀ, ਖ਼ੁਸਰੋ ਦੇ ਭਾਗੀਂ ਵੀ ਇਸ ਮਹਾਨ ਦਾਤ ਦਾ ਹਿੱਸਾ ਆਇਆ ਤੇ ਉਹਨੇ ਆਉਣ ਵਾਲੀਆਂ ਨਸਲਾਂ ਤੋਂ ਬੜੀ ਸ਼ਰਧਾ ਖੱਟੀ।

ਅਬੁੱਲ ਹਸਨ ਯਾਮੀਨਉੱਦੀਨ ਖ਼ੁਸਰੋ — ਜਿਹੜਾ ਪਿਛੋਂ ਅਮੀਰ ਖ਼ੁਸਰੋ ਦੇ ਨਾਂ ਨਾਲ ਪ੍ਰਸਿੱਧ ਹੋਇਆ — ਦਾ ਜਨਮ ੧੨੫੩ ਈਸਵੀ ਵਿਚ, ਯੂ. ਪੀ. ਦੇ ਜ਼ਿਲਾ ਏਟਾਹ ਵਿਚ, ਮੋਮਿਨਪੁਰ (ਪਟਿਆਲੀ) ਵਿਚ ਹੋਇਆ। ਦਾਰਾ ਸ਼ਕੋਹ ਨੇ ਆਪਣੀ ਪੁਸਤਕ ਸਾਫ਼ੀਨਾਤ-ਉੱਲ-ਔਲੀਆ ਵਿਚ ਇਸ ਪਿੰਡ ਦਾ ਨਾਂ, ਮੋਮਿਨਬਾਦ ਕਰ ਕੇ ਲਿਖਿਆ ਹੈ। ਖ਼ੁਸਰੋ ਦੇ ਪਿਤਾ ਦਾ ਨਾਂ, ਅਮੀਰ ਸੈਫ਼ਉੱਦੀਨ ਮਹਿਮੂਦ ਸੀ, ਜਿਸ ਦੀ ਬਾਬਤ ਖ਼ੁਸਰੋ ਨੇ ਆਪਣੇ, 'ਗ਼ੁਰਾਤੁਲ ਕਾਮਲ' ਦੇ ਦੀਬਾਚੇ ਵਿਚ ਇੰਜ ਲਿਖਿਆ ਹੈ:

> "ਮੇਰੇ ਅੱਬਾ ਜਾਨ ਸ਼ਮਸੀ ਨੇ, (ਸ਼ਮਸਉੱਦੀਨ ਅਲਤਮਸ਼ ਨਾਲ ਸੰਬੰਧਤ), ਜਿਨ੍ਹਾਂ ਦੇ ਮੱਥੇ 'ਤੇ ਜਲਾਲ ਸੀ ਤੇ ਆਫ਼ਤਾਬ ਦੀ ਸ਼ਮਸ਼ੀਰ ਦੇ ਧਾਰਨੀ ਸਨ, ਰਣ-ਖੇਤਰ ਵਿਚ ਵੈਰੀਆਂ ਨੂੰ ਭਾਜੜਾਂ ਪਾ ਦਿੰਦੇ ਸਨ; ਤੇ ਇਸ ਲਈ ਉਹਨਾਂ ਬੜਾ ਨਾਮਣਾ ਖੱਟਿਆ ਸੀ।"

ਉਹ ਹਜ਼ਾਰਾ ਕਬੀਲੇ ਵਿਚੋਂ ਇਕ ਤੁਰਕ ਸੀ। ਬਾਰ੍ਹਵੀਂ ਸਦੀ 'ਚ ਮੰਗੋਲਾਂ ਨੇ ਸਮੁਚੀ ਇਸਲਾਮੀ ਦੁਨੀਆਂ ਵਿਚ ਤਬਾਹੀ ਮਚਾ ਦਿਤੀ; ਉਹਨਾਂ ਅੱਬਾਸਿਦ ਖ਼ਾਨਦਾਨ ਤੇ ਬਗ਼ਦਾਦ ਨੂੰ ਮਾਰੂ ਸੱਟਾਂ ਲਾਈਆਂ। ਬਗ਼ਦਾਦ ਉਦੋਂ ਇਸਲਾਮੀ ਤਹਿਜ਼ੀਬ ਦੀ ਸ਼ਾਹਰਾਹ ਹੁੰਦਾ ਸੀ, ਤੇ ਉਹਨਾਂ ਬੁਰੀ ਤਰ੍ਹਾਂ ਇਹ ਲੁੱਟਿਆ-ਪੁਟਿਆ ਤੇ ਅਸਤ-ਵਿਅੱਸਤ ਕਰ ਦਿਤਾ। ਹਰ ਪਾਸੇ ਭੈ ਦਾ ਬੋਲ

ਬਾਲਾ ਸੀ ਤੇ ਕੋਈ ਵੀ ਰੱਬ ਦੇ ਇਸ ਸਰਾਪੇ-ਕਹਿਰ ਤੋਂ ਬਚ ਨਹੀਂ ਸੀ ਸਕਿਆ। ਖ਼ੁਸਰੋ ਦਾ ਪਿਤਾ ਅਮੀਰ ਸੈਫ਼ਉੱਦੀਨ ਮਹਿਮੂਦ ਉਹਨਾਂ ਲੋਕਾਂ ਵਿਚੋਂ ਸੀ, ਜਿਨ੍ਹਾਂ ਨੂੰ ਆਪਣੇ ਘਰ-ਬਾਰ ਛਡਣੇ ਪਏ ਤੇ ਉਹਨਾਂ ਨੂੰ ਕਿਧਰੇ ਵੀ ਕੋਈ ਪਨਾਹ ਨਾ ਮਿਲੀ। ਦੁਨੀਆਂ ਦੇ ਇਤਿਹਾਸ ਵਿਚ ਅਜਿਹੇ ਨਾਜ਼ਕ ਸਮੇਂ, ਜਦੋਂ ਕਿ 'ਕੁੱਬਤ-ਉੱਲ-ਖ਼ਦਰਾ' ਕਰ ਕੇ ਜਾਣਿਆਂ ਜਾਂਦਾ ਬਲਖ਼ ਵੀ ਤਬਾਹ ਹੋ ਗਿਆ ਸੀ, ਤਾਂ ਹਿੰਦੁਸਤਾਨ ਹੀ ਇਕ ਅਜਿਹਾ ਦੇਸ ਸਮਝਿਆ ਜਾਂਦਾ ਸੀ, ਜਿਥੇ ਲੋਕ ਅਮਨ-ਅਮਾਨ ਨਾਲ ਰਹਿ ਸਕਦੇ ਸਨ। ਸੈਫ਼ਉੱਦੀਨ ਮਹਿਮੂਦ ਭਾਰਤ ਆ ਗਿਆ ਤੇ ਦਿੱਲੀ ਵਿਚ ਆ ਵਸਿਆ। ਉਦੋਂ ਦਿੱਲੀ ਦੇ ਤਖ਼ਤ ਤੇ ਸ਼ਮਸਉੱਦੀਨ ਮਹਿਮੂਦ ਬੈਠਾ ਹੋਇਆ ਸੀ। ਅਮੀਰ ਸੈਫ਼ਉੱਦੀਨ ਮਹਿਮੂਦ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਥਾਂ ਮਿਲ ਗਈ। ਸ਼ਾਹੀ ਦਰਬਾਰ ਵਿਚ ਉਹਦੇ ਸਥਾਨ ਬਾਰੇ ਸਮਕਾਲੀ ਇਤਿਹਾਸਕਾਰਾਂ ਵਲੋਂ ਕੁਝ ਨਹੀਂ ਦਸਿਆ ਗਿਆ, ਪਰ ਇਹ ਗੱਲ ਜ਼ਾਹਰ ਹੈ ਕਿ ਉਹਨੂੰ ਦਰਬਾਰ ਵਿਚ ਮਹੱਤਵ-ਪੂਰਨ ਤੇ ਬਾਇੱਜ਼ਤ ਥਾਂ ਪ੍ਰਾਪਤ ਸੀ। ਇਮਾਦ-ਉੱਲ-ਮਲਕ ਦੀ ਧੀ ਨਾਲ ਉਹਦੀ ਸ਼ਾਦੀ ਇਸ ਸਚਾਈ ਦਾ ਸਬੂਤ ਹੈ ਕਿ ਅਮੀਰ ਸੈਫ਼ਉੱਦੀਨ ਮਹਿਮੂਦ ਕੋਈ ਉੱਕਾ ਸਾਧਾਰਨ ਬੰਦਾ ਨਹੀਂ ਸੀ। ਖ਼ੁਸਰੋ ਨੇ ਵੀ ਉਹਦੀ ਚੰਗਿਆਈ ਤੇ ਸੁਹਿਰਦਤਾ ਬਾਰੇ ਲਿਖਿਆ ਹੈ :

> "ਉਹ ਇਸ ਦੁਨੀਆਂ ਵਿਚ ਇਕ ਉਮਰਾਵ ਸੀ, ਤੇ ਅਗਲੀ ਦੁਨੀਆਂ 'ਚ ਵੀ। ਕਿਉਂਕਿ ਉਹ ਅਨਪੜ੍ਹ ਸੀ, ਇਸ ਲਈ ਉਸ ਵਿਚ ਵਖਰੇਵਾਂ ਸੀ।"

ਮੌਲਾਨਾ ਜ਼ਿਆਉੱਦੀਨ ਬਰਨੀ ਦੇ ਕਹਿਣ ਅਨੁਸਾਰ, ਅਮੀਰ ਸੈਫ਼ਉੱਦੀਨ ਮਹਿਮੂਦ ਨੂੰ ਬਾਦਸ਼ਾਹ ਦੇ ਦਰਬਾਰੋਂ ਦਸ ਹਜ਼ਾਰ ਟਾਂਕ ਸਾਲਾਨਾ ਮਿਲਦੇ ਸਨ।

ਇਮਾਦ-ਉੱਲ-ਮਲਕ ਦੀ ਧੀ ਨਾਲ ਸ਼ਾਦੀ ਤੋਂ ਪਿਛੋਂ ਉਹਦੇ ਪੇਟੋਂ ਉਸ ਦੇ ਤਿੰਨ ਪੁੱਤਰ ਹੋਏ, ੧, ਇੱਜ਼ਉੱਦੀਨ ਅਲੀ ਸ਼ਾਹ, ੨. ਅਬੁੱਲ ਹਸਨ ਯਾਮੀਨਉੱਦੀਨ ਖ਼ੁਸਰੋ, ਤੇ ੩. ਹੁਸਾਮਉੱਦੀਨ ਕੁਤਲਗ। ਜਿਵੇਂ ਕਿ ਦਸਿਆ ਜਾ ਚੁੱਕਾ ਹੈ ਕਿ ਖ਼ੁਸਰੋ ਹਿੰਦੁਸਤਾਨ ਵਿਚ ਪੈਦਾ ਹੋਇਆ ਸੀ, ਪਰ ਵੱਲਾਹ ਦਾਗ਼ਿਸਤਾਨੀ ਨੇ 'ਤਜ਼ਕਿਰਾ' ਵਿਚ ਲਿਖਿਆ ਹੈ ਕਿ ਖ਼ੁਸਰੋ ਨਿੱਕੇ

ਹੁੰਦਿਆਂ ਆਪਣੇ ਪਿਤਾ ਨਾਲ, ਹਿੰਦੁਸਤਾਨ ਆਇਆ ਸੀ। ਪਰ ਖ਼ੁਸਰੋ ਦਾ ਆਪਣਾ ਬਿਆਨ ਹੀ ਇਸ ਗੱਲ ਦਾ ਖੰਡਨ ਕਰਦਾ ਹੈ।

"ਇਹ ਮੇਰਾ ਜਨਮ ਸਥਾਨ, ਮੇਰਾ ਘਰ-ਬਾਰ ਤੇ ਮੇਰੀ ਜਨਮ-ਭੂਮੀ ਹੈ।" ਖ਼ੁਸਰੋ ਦਾ ਇਹ ਆਪਣਾ ਬਿਆਨ, ਦਾਗ਼ਿਸਤਾਨੀ ਦੇ ਕਥਨ ਨੂੰ ਝੁਠਲਾਉਣ ਲਈ ਕਾਫ਼ੀ ਹੈ। ਉਹ ਸ਼ਾਇਦ ਆਪਣੇ ਤੰਗ-ਨਜ਼ਰੀਏ ਸਦਕਾ ਹੀ ਖ਼ੁਸਰੋ ਵਰਗੇ ਬੰਦੇ ਨੂੰ ਭਾਰਤ ਦੀ ਮਿੱਟੀ ਨਾਲ ਸੰਬੰਧਤ ਨਹੀਂ ਸੀ ਹੋਣ ਦੇਣਾ ਚਾਹੁੰਦਾ।

ਇਕ ਪ੍ਰਸਿੱਧ ਰਵਾਇਤ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ ਜਦੋਂ ਖ਼ੁਸਰੋ ਦਾ ਜਨਮ ਹੋਇਆ ਤਾਂ ਉਹਦਾ ਪਿਤਾ ਉਹਨੂੰ ਇਕ ਚਾਦਰ ਵਿਚ ਲਪੇਟ ਕੇ ਇਕ ਫ਼ਕੀਰ ਕੋਲ ਲੈ ਗਿਆ, ਜਿਸ ਉਹਨੂੰ ਇਹ ਅਸੀਸ ਦਿਤੀ :

"ਤੂੰ ਉਸ ਨੂੰ ਲੈ ਕੇ ਆਇਆ ਹੈਂ ਜੋ ਖ਼ਾਕਾਨੀ ਨਾਲੋਂ ਦੋ ਕਦਮ ਅਗਾਂਹ ਜਾਏਗਾ।"

ਜਦੋਂ ਉਹ ਵੱਡਾ ਹੋਇਆ ਤਾਂ ਉਹਨੂੰ ਮਕਤਬ ਭੇਜਿਆ ਗਿਆ। ਅਮੀਰ ਸੈਫ਼ਉੱਦੀਨ ਮਹਿਮੂਦ ਆਪ ਇਕ ਅਨਪੜ੍ਹ ਬੰਦਾ ਸੀ ਤੇ ਇਕ ਜੰਗਜੂ ਕੌਮ ਵਿਚ ਪੈਦਾ ਹੋਇਆ ਸੀ, ਤੇ ਉਸ ਕੋਲੋਂ ਆਸ ਨਹੀਂ ਸੀ ਕੀਤੀ ਜਾ ਸਕਦੀ ਕਿ ਉਹ ਆਪਣੇ ਪੁੱਤਰ ਨੂੰ ਪੜ੍ਹਾਏ-ਲਿਖਾਏਗਾ, ਪਰ ਜਾਪਦਾ ਹੈ ਉਸ ਆਪਣੇ ਪੁੱਤਰ ਦੀ ਵਿੱਦਿਆ ਤੇ ਪਰਵਰਿਸ਼ ਵਲ ਵਿਸ਼ੇਸ਼ ਧਿਆਨ ਦਿਤਾ। ਖ਼ੁਸਰੋ ਨੂੰ ਖ਼ਵਾਜਾ ਸਾਦਉੱਦੀਨ ਦੀ, ਮਾਪਿਆਂ ਵਰਗੀ ਸਰਪ੍ਰਸਤੀ ਵਿਚ ਸੌਂਪਿਆ ਗਿਆ, ਜਿਸ ਉਹਨੂੰ ਅੱਖਰ-ਗਿਆਨ ਦਿਤਾ। ਉਹਦੇ ਆਪਣੇ ਕਹਿਣ ਅਨੁਸਾਰ, ਜਦੋਂ ਅਜੇ ਉਹ ਬੱਚਾ ਹੀ ਸੀ ਤਾਂ ਕਵਿਤਾ ਨੇ ਖ਼ੁਸਰੋ ਤੇ ਜਾਦੂ-ਜਾਲ ਖਿਲਾਰਨਾ ਸ਼ੁਰੂ ਕਰ ਦਿਤਾ ਸੀ। ਉਸ ਆਪਣੇ ਕਾਵਿ-ਸੰਗ੍ਰਹਿ 'ਤੁਹਫ਼ਾਤ-ਅਸ-ਸਿਗਰ' ਦੇ ਮੁਖਬੰਦ ਵਿਚ ਦੱਸਿਆ ਹੈ ਕਿ ਇਕ ਵਾਰ ਉਹ ਆਪਣੇ ਉਸਤਾਦ ਖ਼ਵਾਜਾ ਇੱਜ਼ਉੱਦੀਨ ਨੂੰ ਮਿਲਿਆ। ਜਦੋਂ ਉਹ ਪਹੁੰਚੇ ਤਾਂ ਖ਼ਵਾਜਾ ਜੀ ਦੇ ਹੱਥ 'ਚ ਇਕ ਮਸੌਦਾ ਸੀ। ਖ਼ਵਾਜਾ ਸਾਦਉੱਦੀਨ ਨੇ ਖ਼ੁਸਰੋ ਦੀ ਜਾਣ-ਪਛਾਣ ਖ਼ਵਾਜਾ ਇੱਜ਼ਉੱਦੀਨ ਨਾਲ ਕਰਾਈ ਤੇ ਇਹ ਵੀ ਦੱਸਿਆ ਕਿ ਉਹ ਬਹੁਤ ਸੁਹਣਾ ਗਾਉਂਦਾ ਹੈ। ਇਹ ਸੁਣ ਕੇ ਖ਼ਵਾਜਾ ਜੀ ਨੇ ਉਹ ਮਸੌਦਾ ਖ਼ੁਸਰੋ ਨੂੰ ਦੇ ਦਿਤਾ ਤੇ ਕਿਹਾ ਕਿ ਉਸ ਵਿਚੋਂ ਕੋਈ ਕਵਿਤਾ ਗਾ ਕੇ ਸੁਣਾਏ। ਖ਼ੁਸਰੋ ਨੇ ਕਵਿਤਾ ਸੁਣਾਈ ਤੇ ਆਸ ਅਨੁਸਾਰ, ਯੋਗ ਵਡਿਆਈ ਪ੍ਰਾਪਤ ਕੀਤੀ।

ਖ਼ਵਾਜਾ ਸਾਦਉੱਦੀਨ ਨੇ ਖ਼ਵਾਜਾ ਇੱਜ਼ਉੱਦੀਨ ਨੂੰ ਇਹ ਵੀ ਦੱਸਿਆ ਕਿ ਖ਼ੁਸਰੋ ਦਾ ਕਵਿਤਾ ਲਿਖਣ ਵਲ ਵੀ ਰੁਝਾਣ ਸੀ ਤੇ ਇਸ ਗੱਲ ਦੀ ਪਰਖ ਕਰਨੀ ਚਾਹੀਦੀ ਹੈ ਕਿ ਉਹ ਕਿਸ ਹਦ ਤੱਕ ਕਵਿਤਾ ਨਾਲ ਇਨਸਾਫ਼ ਕਰ ਸਕਦਾ ਹੈ। ਖ਼ਵਾਜਾ ਜੀ ਨੇ ਹੇਠ ਲਿਖੀਆਂ ਅਣਮਿਲਵੀਆਂ ਵਸਤਾਂ ਦੇ ਨਾਂ ਬੋਲੇ ਤੇ ਉਹਨੂੰ ਕਿਹਾ ਕਿ ਇਹਨਾਂ ਦੇ ਪਰਤੱਖ ਦਿਸਦੇ ਅਣਮਿਲਵੇਂ ਰੂਪਾਂ ਨੂੰ ਜੋੜ-ਮੇਲ ਕੇ ਇਕ ਕਵਿਤਾ ਜੋੜੇ :

ਵਾਲ, ਆਂਡਾ, ਤੀਰ, ਖ਼ਰਬੂਜ਼ਾ।

ਕੁਝ ਚਿਰ ਪਿਛੋਂ ਖ਼ੁਸਰੋ ਨੇ ਇਹ ਚੁਬਰਗਾ ਗਾ ਕੇ ਸੁਣਾਇਆ :

"ਉਸ ਸੁੰਦਰੀ ਦੀਆਂ ਦੋ ਜ਼ੁਲਫ਼ਾਂ ਦੇ ਵਾਲਾਂ ਉਤੇ ਦੋ ਮੁਸ਼ਕ ਅੰਬਰ ਦੇ ਆਂਡੇ ਰੱਖੇ ਹੋਏ ਨੇ। ਇਹ ਮਤ ਸੋਚੋ ਕਿ ਉਹਦਾ ਦਿਲ ਤੀਰ ਵਰਗਾ ਸਿੱਧਾ ਏ, ਖ਼ਰਬੂਜ਼ੇ ਵਾਂਗ ਉਹਦੇ ਦੰਦ ਉਹਦੇ ਢਿੱਡ ਵਿਚ ਨੇ।"

ਖ਼ਵਾਜਾ ਜੀ ਸੱਚੀਂ ਹੀ ਇਸ ਤੁਰਤ-ਪੈਰ ਜੋੜੀ ਕਵਿਤਾ ਉਤੇ ਬੜੇ ਹੈਰਾਨ ਹੋਏ ਤੇ ਉਹਨੂੰ ਬਹੁਤ ਹੱਲਾ-ਸ਼ੇਰੀ ਦਿਤੀ। ਜਦੋਂ ਖ਼ਵਾਜਾ ਜੀ ਨੂੰ ਪਤਾ ਲਗਾ ਕਿ ਉਹਦੇ ਪਿਤਾ ਦਾ ਸ਼ਾਹੀ ਦਰਬਾਰ ਨਾਲ ਸੰਬੰਧ ਸੀ ਤਾਂ ਉਹਨਾਂ ਉਸ ਨੂੰ ਰਾਇ ਦਿਤੀ ਕਿ ਉਹ ਆਪਣੀਆਂ ਕਵਿਤਾਵਾਂ "ਸੁਲਤਾਨੀ" ਉਪ ਨਾਂ ਹੇਠ ਲਿਖਿਆ ਕਰੇ। ਖ਼ੁਸਰੋ ਨੇ ਇਹ ਸੁਝਾਅ ਪਰਵਾਨ ਕਰ ਲਿਆ ਤੇ ਆਪਣੀਆਂ, 'ਤੁਹਫ਼ਾਤ-ਅਸ-ਸਿਗਰ' ਵਿਚ ਦਿਤੀਆਂ ਬਹੁਤੀਆਂ ਗ਼ਜ਼ਲਾਂ ਵਿਚ ਉਹਨੇ ਇਹ ਨਾਂ ਵਰਤਿਆ ਵੀ।

ਇਉਂ ਆਪਣੀ ਅੱਲ੍ਹੜ ਉਮਰ ਵਿਚ ਜਦੋਂ ਉਹ ਖ਼ੁਸ਼ੀਆਂ ਮਾਣਦਾ ਤੇ ਹੱਲਾਸ਼ੇਰੀਆਂ ਲੈਂਦਾ ਪਰਵਾਨ ਚੜ੍ਹ ਰਿਹਾ ਤੇ ਆਪਣੇ ਜੌਹਰ ਵਿਖਾ ਰਿਹਾ ਸੀ ਉਹਨੂੰ ਇਸ ਅੱਲੜ੍ਹ ਉਮਰ ਵਿਚ ਹੀ ਇਕ ਬੜੀ ਚੰਦਰੀ ਸੱਟ ਝੱਲਣੀ ਪਈ। ਉਹਦਾ ਪਿਤਾ ਅਮੀਰ ਸੈਫ਼ਉੱਦੀਨ, ਮੰਗੋਲਾਂ ਦੇ ਵਿਰੁਧ ਕੀਤੀਆਂ ਗਈਆਂ ਅਨੇਕਾਂ ਮੁਹਿੰਮਾਂ ਵਿਚੋਂ ਇਕ ਵਿਚ ਮਾਰਿਆ ਗਿਆ। ਇਹ ਖ਼ੁਸਰੋ ਨੂੰ ਉਸ ਉਮਰ ਵਿਚ ਵੱਜੀ ਪਹਿਲੀ ਦਰਦਨਾਕ ਸੱਟ ਸੀ ਜਿਸ ਉਮਰ ਵਿਚ ਉਹਨੂੰ ਹੱਸਣਾ-ਖੇਡਣਾ ਤੇ ਖ਼ੁਸ਼ੀਆਂ ਮਾਨਣੀਆਂ ਚਾਹੀਦੀਆਂ ਸਨ। ਅਨੁਭਵੀ ਮਨ ਤੇ ਕੋਮਲ-ਭਾਵੀ ਦਿਲ ਵਾਲਾ ਹੋਣ ਕਰ ਕੇ ਖ਼ੁਸਰੋ ਨੇ ਪਿਛੋਂ ਜਾ ਕੇ ਆਪਣਾ ਇਹ ਦੁਖ ਅਗਲੇ ਬੰਦ ਵਿਚ ਇੰਜ ਬਿਆਨ ਕੀਤਾ ਹੈ :

"ਸੈਫ਼ (ਤਲਵਾਰ, ਆਪਣੇ ਪਿਤਾ ਦਾ ਹਵਾਲਾ ਦੇ ਕੇ ਲਿਖਿਆ ਹੈ, ਜਿਸਦਾ ਨਾਂ ਸੈਫ਼ਉੱਦੀਨ ਸੀ) ਮੇਰੇ ਸਿਰ ਉਤੋਂ ਲਾਂਭੇ ਹੋ ਗਈ, ਤੇ ਮੇਰਾ ਦਿਲ ਦੁਫਾੜ ਹੋ ਗਿਆ। ਮੇਰੀ ਨਦੀ ਵਹਿੰਦੀ ਵਹਿੰਦੀ ਤੁਰ ਗਈ, ਤੇ ਮੋਤੀ ਇੱਕੋ ਤੇ ਕੱਲਮ-ਕੱਲਾ ਰਹਿ ਗਿਆ।"

ਪਿਉ ਦੀ ਬੇ-ਮੌਕਾ ਮੌਤ ਨੇ ਉਹਦੇ ਮਨ ਵਿਚ ਅਤਿ ਸਖਣੇਪਣ ਤੇ ਵਿਗੋਚੇ ਦੀ ਭਾਵਨਾ ਪੈਦਾ ਕੀਤੀ, ਪਰ ਉਹਦੇ ਨਾਨੇ ਇਮਾਦ-ਉੱਲ-ਮਲਕ ਨੇ, ਜੋ ਆਪ ਬੜਾ ਮਹੱਤਵਪੂਰਨ ਤੇ ਅਸਰ-ਰਸੂਖ਼ ਵਾਲਾ ਬੰਦਾ ਸੀ, ਉਹਨੂੰ ਅਤਿਅੰਤ ਮੋਹ-ਪਿਆਰ ਤੇ ਸੁਹਿਰਦਤਾ ਨਾਲ ਪਾਲਿਆ ਤੇ ਉਹਦੀ ਨਿਗਰਾਨੀ ਕੀਤੀ। ਇਮਾਦ-ਉੱਲ-ਮਲਕ ਦਾ ਮੋਹ-ਪਿਆਰ ਅਥਾਹ ਸੀ ਤੇ ਖ਼ੁਸਰੋ ਦੇ ਦੁਖ-ਦਰਦ ਨੂੰ ਭੁਲਾਣ ਵਿਚ ਉਹਨੇ ਬੜੀ ਹੀ ਸਹਾਇਤਾ ਕੀਤੀ ਤੇ ਉਹਨੂੰ ਆਪਣੀਆਂ ਰਾਹਾਂ ਆਪ ਉਲੀਕਣ ਦਾ ਚੰਗਾ ਮੌਕਾ ਦਿਤਾ। ਉਹਨੇ ਕਾਵਿ-ਦੇਵੀ ਦੇ ਪਵਿੱਤਰ ਮੰਦਰ ਦਾ ਰਾਹ ਅਪਣਾਇਆ ਤੇ ਅੰਤ ਨੂੰ ਆਪਣੀ ਮਿਥੀ ਹੋਈ ਮੰਜ਼ਲ ਤੇ ਪਹੁੰਚ ਗਿਆ।

ਜਦੋਂ ਖ਼ੁਸਰੋ ਵੀਹ ਵਰ੍ਹਿਆਂ ਦਾ ਸੀ ਤਾਂ ਉਹਦਾ ਨਾਨਾ ਇਮਾਦ-ਉੱਲ-ਮਲਕ ਇਕ ਸੌ ਤੇਰ੍ਹਾਂ ਵਰ੍ਹਿਆਂ ਦੀ ਪੱਕੀ ਉਮਰ ਵਿਚ ਵਫ਼ਾਤ ਪਾ ਗਿਆ। ਖ਼ੁਸਰੋ ਨੇ ਦਰਦ-ਭਰੇ ਇਕ ਮਰਸੀਏ ਵਿਚ ਆਪਣੇ ਉਸ ਨਾਨੇ ਦੀ ਕਿਰਪਾਲਤਾ ਤੇ ਪਿਆਰ ਦਾ ਦਰਦ ਗੰਵਿਆ ਹੈ, ਜਿਸ ਦੀ ਛਤਰ-ਛਾਇਆ ਹੇਠ ਉਹਨੇ ਕਾਵਿ-ਮੰਡਲਾਂ ਵਿਚ ਉੱਚ-ਸਥਾਨ ਪ੍ਰਾਪਤ ਕੀਤਾ।

> "ਓ ਆਸਫ਼! ਸੁਲਤਾਨ ਵੀ ਤੇਰੀ ਮੌਤ ਤੇ ਹੰਝੂ ਕੇਰਦਾ ਏ, ਤੇ ਓ ਆਰਿਦ! ਦੀਵਾਨ ਆਪੂੰ ਤੇਰੀ ਮੌਤ ਦਾ ਸੋਗ ਮਨਾਂਦਾ ਏ। ਅਸਮਾਨੀ ਗੁੰਬਦ ਦੀ ਥੰਮ੍ਹੀ ਆਪੂੰ ਥਿੜਕ ਗਈ ਹੈ, ਕਿਉਂਕਿ ਸ਼ਾਹੀ ਮਹਿਲਾਂ ਦੀਆਂ ਚੁਬੁਰਜੀਆਂ ਤੇ ਦਰਸ਼ਨੀ ਡਿਉਢੀ ਵੀ ਸੋਗ ਮਨਾ ਰਹੀਆਂ ਨੇ......ਤੁਰਕਾਂ ਨੇ ਆਪਣੇ ਕੁੱਲੇ ਲਾਹ ਲਏ ਨੇ ਤੇ ਅਫ਼ਸੋਸ ਵਿਚ ਆਪਣੇ ਚੋਗੇ ਜਾਮਿਆਂ ਤੋਂ ਹੇਠ ਕਰ ਲਏ ਨੇ, ਹਿੰਦੂ ਰਾਓ ਬ੍ਰਾਹਮਣਾਂ ਵਾਂਗ ਨੰਗੇ ਸਿਰੀਂ ਦੁਖ ਨਾਲ ਬਿਹਬਲ ਹੋ ਰਹੇ ਨੇ!"[1]

---

1. ਡਾ: ਵਾਹੀਦ ਮਿਰਜ਼ਾ : 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

ਹੁਣ ਤਕ ਖ਼ੁਸਰੋ ਕਵੀ ਵਜੋਂ ਨਾਮਣਾ ਖੱਟ ਚੁਕਿਆ ਸੀ ਤੇ ਉਸ ਇਸ ਖੇਤਰ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਕਰ ਲਿਆ ਸੀ। ਉਹਦੇ ਨਾਨੇ ਦੀ ਮੌਤ ਨੇ ਉਹਦੇ ਗਭਰੀਟ ਮੋਢਿਆਂ ਉਤੇ ਕਿੰਨੀਆਂ ਹੀ ਜ਼ਿੰਮੇਵਾਰੀਆਂ ਦਾ ਭਾਰ ਪਾ ਦਿਤਾ ਸੀ, ਜਿਨ੍ਹਾਂ ਵਲ ਉਹਨੂੰ ਤੁਰਤ ਹੀ ਧਿਆਨ ਦੇਣਾ ਪੈਣਾ ਸੀ। ਕਵੀ ਵਜੋਂ ਬੜੇ ਉੱਜਲੇ ਭਵਿੱਖ ਦੀਆਂ ਸੰਭਾਵਨਾਵਾਂ ਵਾਲੇ ਖ਼ੁਸਰੋ ਨੂੰ ਜੁਗਾਂ-ਸਤਿਕਾਰੀਆਂ ਪਰੰਪਰਾਵਾਂ ਪ੍ਰਤੀ ਵਫ਼ਾਦਾਰ ਰਹਿੰਦਿਆਂ, ਕਿਸੇ ਦੀ ਛਤਰ-ਛਾਇਆ ਲੱਭਣੀ ਤੇ ਸਰਪ੍ਰਸਤ ਭਾਲਣਾ ਪਿਆ।

ਅੰਤ ਨੂੰ ਅਜਿਹੇ ਬੰਦੇ ਦੇ ਰੂਪ ਵਿਚ ਖ਼ੁਸਰੋ ਨੂੰ ਗਿਆਸਉੱਦੀਨ ਬਲਬਨ ਦਾ ਭਤੀਜਾ ਤੇ ਉਹਦਾ ਮੁਖ ਦਰਬਾਰੀ, ਅਲਾਉੱਦੀਨ ਕਿਸ਼ਲੀ ਖ਼ਾਨ ਉਲਗ ਕੁਤਲਗ ਮੁਬਾਰਕ ਬਰਬਾਕ ਲੱਭਿਆ, ਜੋ 'ਮਲਿਕ ਛੱਜੂ' ਦੇ ਨਾਂ ਨਾਲ ਪ੍ਰਸਿੱਧ ਸੀ। ਉਹ ਵਿਦਵਾਨ ਲੋਕਾਂ ਦਾ ਪੂਰਾ ਕਦਰਦਾਨ ਸੀ ਤੇ ਉਹਨਾਂ ਨੂੰ ਸਖ਼ੀ ਦਿਲ ਨਾਲ ਖ਼ਰਾਇਤਾਂ ਬਖ਼ਸ਼ਦਾ ਸੀ। ਖ਼ਾਨ ਏਨਾ ਹਰਮਨ ਪਿਆਰਾ ਸੀ ਕਿ ਬਾਦਸ਼ਾਹ ਵੀ ਉਸ ਨਾਲ ਕੀਨਾ ਕਰਦਾ ਸੀ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹਨੇ ਇਕ ਵਾਰ ਉਸ ਕਵੀ ਨੂੰ ਖ਼ੁਸ਼ ਹੋ ਕੇ ਆਪਣੇ ਤਬੇਲੇ ਦੇ ਸਾਰੇ ਘੋੜੇ ਖੋਲ੍ਹ ਕੇ ਦੇ ਦਿਤੇ, ਜਿਸ ਨੇ ਉਹਦੀ ਸਿਫ਼ਤ-ਸਲਾਹ ਗੰਵੀ ਸੀ। ਉਹਦਾ ਪ੍ਰਭਾਵ ਅਥਾਹ ਸੀ, ਤੇ ਖ਼ੁਸਰੋ ਨੇ ਆਪਣੀ ਸਰਪ੍ਰਸਤੀ ਲਈ ਇਕ ਅਜਿਹਾ ਯੋਗ ਬੰਦਾ ਲੱਭਿਆ ਕਿ ਉਸ ਦਾ ਯਕੀਨ ਸੱਚਾ ਹੋ ਗਿਆ ਕਿ ਉਹਦੀ ਛਤਰ-ਛਾਇਆ ਹੇਠ ਉਸ ਦੀ ਪ੍ਰਤਿਭਾ ਮਉਲ ਸਕਦੀ ਸੀ।

ਕਿਸ਼ਲੀ ਖ਼ਾਨ ਕੋਲ ਜਾਣ ਤੋਂ ਪਹਿਲਾਂ ਖ਼ੁਸਰੋ ਆਪਣੇ ਸਮਕਾਲੀ ਸ਼ਮਸਉੱਦੀਨ ਦਾਬਿਰ, ਅਮੀਰ ਅਲੀ ਸਰਜਾਂਦਾਰ, ਇਖ਼ਤਿਆਰਉੱਦੌਲਾ ਹੁਸਮਉੱਦੀਨ ਤੇ ਇਮਾਦ-ਉੱਲ-ਮਲਿਕ ਦੇ ਪੁੱਤਰ ਤੇ ਜਾਂਨਸ਼ੀਨ ਮਲਿਕ ਮਹਿਮੂਦ ਦੀ ਸਿਫ਼ਤ-ਸਲਾਹ ਗੌਂ ਚੁਕਿਆ ਸੀ, ਪਰ ਅੰਤ ਨੂੰ ਉਹਨੇ ਆਪਣੇ ਸਰਪ੍ਰਸਤ ਵੱਜੋਂ ਕਿਸ਼ਲੀ ਖ਼ਾਨ ਨੂੰ ਹੀ ਚੁਣਿਆਂ। ਕਿਸ਼ਲੀ ਖ਼ਾਨ ਨੂੰ ਵੀ ਖ਼ੁਸਰੋ ਵਰਗੀ ਅਦਭੁਤ ਪ੍ਰਤਿਭਾ ਵਾਲੇ ਬੰਦੇ ਦਾ, ਆਪਣੇ ਦਰਬਾਰੀ ਹੋਣ ਲਈ ਮਾਣ ਸੀ। ਖ਼ੁਸਰੋ ਉਹਦੀ ਸਿਫ਼ਤ ਇੰਜ ਗਉਂਦਾ ਹੈ :

"ਮੈਂ ਸਰਘੀ ਵੇਲੇ ਨੂੰ ਪੁੱਛਿਆ, 'ਤੇਰਾ ਆਫ਼ਤਾਬ ਕਿਥੇ ਏ ?' ਅਸਮਾਨ ਨੇ ਮਲਿਕ ਛੱਜੂ ਦਾ ਚਿਹਰਾ ਵਿਖਾ ਦਿਤਾ।"

ਉਹ ਉਸ ਦੇ ਦਰਬਾਰ ਵਿਚ ਦੋ ਸਾਲ ਰਿਹਾ ਤੇ ਕਿਸ਼ਲੀ ਖ਼ਾਨ ਦੀ ਸਰਪ੍ਰਸਤੀ ਦੀ ਸੁਨਹਿਰੀ ਧੁੱਪ ਦਾ ਨਿੱਘ ਮਾਣਦਾ ਰਿਹਾ। ਪਰ ਦੋ ਵਰ੍ਹਿਆਂ ਪਿੱਛੋਂ ਉਹਨੂੰ ਉਸ ਦਾ ਸਾਥ ਛੱਡਣਾ ਪਿਆ ਤੇ ਇਹਨਾਂ ਸੰਬੰਧਾਂ ਦੇ ਤੋੜ-ਵਿਛੋੜੇ ਦਾ ਕਾਰਨ ਖ਼ੁਸਰੋ ਨੇ ਆਪ ਇੰਜ ਦੱਸਿਆ ਹੈ :

"ਇਕ ਦਿਨ ਬਾਦਸ਼ਾਹ ਦੇ ਛੋਟੇ ਪੁੱਤਰ ਬੁਗਰਾ ਖ਼ਾਨ ਨੇ ਮਹਾਨ ਖ਼ਾਨ, ਕਿਸ਼ਲੀ ਖ਼ਾਨ ਦੇ ਘਰ ਪਰਾਹੁਣਾ ਬਣ ਕੇ ਆਉਣ ਦੀ ਕਿਰਪਾ ਕੀਤੀ। ਉਹ ਖ਼ਾਨ ਦਾ ਚਚੇਰਾ ਭਰਾ ਏ। ਇਹ ਮਿਲਣੀ ਗੁਪਤ ਸੀ ਕਿਉਂਕਿ ਉਹਨਾਂ ਦੀਆਂ ਅਜਿਹੀਆਂ ਜਸ਼ਨ-ਮਿਲਣੀਆਂ ਦੀ ਇਤਲਾਹ ਆਮ ਤੌਰ ਤੇ ਬਾਦਸ਼ਾਹ ਕੋਲ ਪਹੁੰਚ ਜਾਂਦੀ ਸੀ। ਸ਼ਾਹਜ਼ਾਦੇ ਨਾਲ ਉਹਦੇ ਕੁਝ ਭਰੋਸੇਜੋਗ ਸੇਵਕ ਵੀ ਆਏ ਸਨ ਜਿਨ੍ਹਾਂ ਵਿਚ ਸ਼ਮਸਉੱਦੀਨ ਦਾਬਿਰ ਤੇ ਕਾਜ਼ੀ ਆਥਿਰ ਸ਼ਾਮਲ ਸਨ। ਉਹਨਾ ਦੋ ਵਿਦਵਾਨਾਂ ਦੀ ਹਾਜ਼ਰੀ ਦੋ ਮੁਬਾਰਕ ਸਿਤਾਰਿਆਂ ਵਰਗੀ ਸੀ, ਜਾਂ ਫੇਰ ਸੂਰਜ ਤੇ ਚੰਦ ਦੇ ਸੁਮੇਲ ਵਰਗੀ, ਤੇ ਮੈਂ ਜੋ ਬੁੱਧ-ਤਾਰਾ ਹਾਂ, ਉਹਨਾਂ ਦੀ ਸੰਗਤ ਵਿਚ ਫੁਲਿਆ ਨਹੀਂ ਸਾਂ ਸਮਾਂਦਾ। ਉਹਨਾਂ ਆਪਣੇ ਵੱਲੋਂ ਕਾਵਿ-ਸਿੰਘਾਸਨ ਉਤੇ ਆਪਣਾ ਸਿੱਕਾ ਜਮਾਣ ਦਾ ਜਤਨ ਕੀਤਾ, ਤੇ ਜੁਆਬ ਵਿਚ ਮੈਂ ਕਵਿਤਾ ਦੀ ਮਿੱਠੀ ਢੋਲਕੀ ਏਨੇ ਜ਼ੋਰ ਦੀ ਵਜਾਈ ਕਿ ਮੈਂ ਉਹਨਾਂ ਤੋਂ ਮਾਤ ਨਹੀਂ ਖਾਧੀ। ਦੋਹਾਂ ਪਾਸਿਆਂ ਤੋਂ ਜਿਹੜੇ ਖ਼ੁਸ਼ੀ ਦੇ ਨਾਹਰੇ ਉਠੇ, ਉਹਨਾਂ ਨੇ ਦੋਹਾਂ ਸ਼ਾਹਜ਼ਾਦਿਆਂ ਤੇ ਉਹਨਾਂ ਦੇ ਕਰਮਚਾਰੀਆਂ ਦੇ ਕੰਨ ਖੋਲ੍ਹ ਦਿਤੇ, ਤੇ ਜਿਵੇਂ ਜਿਵੇਂ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ, ਉਹਨਾਂ ਦੀ ਦਰਿਆ-ਦਿਲੀ ਦਾ ਬੱਦਲ ਏਨਾ ਵਰ੍ਹਿਆ ਕਿ ਉਹਨੇ ਧਰਤੀ ਉਤੇ ਹਰ ਸ਼ੈ ਭਿਉਂ ਦਿਤੀ। ਅਦਭੁਤ ਸੋਨ-ਸੇਟ ਸੀ ਇਹ, ਦਰਸ਼ਕਾਂ ਦੀਆਂ ਅੱਖਾਂ ਦੀਨਾਰਾਂ ਦੀ ਝਲਕ ਨਾਲ ਬਸੰਤੀ ਹੋ ਗਈਆਂ ਤੇ ਉਹਨਾਂ ਦੇ ਚੋਗਿਆਂ ਦੇ ਪੱਲਿਆਂ 'ਚ ਪਾਏ, ਸੋ ਪੱਤੀਆਂ ਵਿਚ ਟੁੱਟੇ ਗੁਲਾਬ ਵਾਂਗ, ਸੋਨੇ ਦੇ ਭਾਰ ਨਾਲ ਪੱਲੇ ਪਾਟਣ ਵਾਲੇ ਹੋ ਗਏ। ਮੇਰੀਆਂ ਮਿੱਠੀਆਂ ਕਵਿਤਾਵਾਂ ਬੁਗਰਾ ਖ਼ਾਨ ਨੂੰ ਏਨੀਆਂ ਚੰਗੀਆਂ ਲੱਗੀਆਂ ਕਿ ਉਹਨੇ ਆਪਣੇ ਉਸ ਸਖ਼ੀ-ਦਿਲ ਦੀ ਭਾਵਨਾ ਸਦਕਾ, ਜੋ ਬਾਦਸ਼ਾਹਾਂ ਤੇ ਸ਼ਾਹਜ਼ਾਦਿਆਂ ਦਾ ਖ਼ਾਸਾ ਹੁੰਦਾ ਹੈ, ਇਹ ਹੁਕਮ ਦਿਤਾ

ਕਿ ਮੈਨੂੰ ਉਸ ਵੱਲੋਂ ਚਾਂਦੀ ਦੀਆਂ ਟਾਂਕਾਂ ਦੀ ਭਰੀ ਰਕੇਬੀ, ਤੋਹਫ਼ੇ ਵਜੋਂ ਦਿਤੀ ਜਾਏ, ਤੇ ਉਸ ਆਪਣੇ ਇਸ ਸਖ਼ੀ ਤੋਹਫ਼ੇ ਨਾਲ ਮੈਨੂੰ ਆਪਣਾ ਸਦਿਮਿਰ ਗ਼ੁਲਾਮ ਬਣਾ ਲਿਆ।"

"ਪਰ ਸਾਡਾ ਖ਼ਾਨ ਬੜਾ ਹੀ ਕੀਨਾ ਕਰਨ ਵਾਲਾ ਬੰਦਾ ਸੀ ਤੇ ਉਸ ਆਪਣੀ ਨਾਰਾਜ਼ਗੀ ਉਸੇ ਵੇਲੇ ਜ਼ਾਹਰ ਕਰ ਦਿਤੀ। ਮੈਂ ਇਹ ਜਾਚ ਲਿਆ ਤੇ ਉਹਨੂੰ ਮਨਾਉਣ ਦਾ ਯਤਨ ਕੀਤਾ, ਪਰ ਉਸ ਮੇਰੀ ਕੋਈ ਦਲੀਲ ਨਾ ਸੁਣੀ। ਇਸ ਘਟਨਾ ਨੂੰ ਕਿੰਨੇ ਹੀ ਦਿਨ ਬੀਤ ਜਾਣ ਪਿੱਛੋਂ ਵੀ ਉਹਦੇ ਮਨ ਵਿਚੋਂ ਇਸ ਗੱਲ ਦੀ ਯਾਦ ਨਾ ਮਿਟੀ। ਉਹ ਮੈਨੂੰ ਸਜ਼ਾ ਦੇਣੀ ਚਾਹੁੰਦਾ ਸੀ। ਜਦੋਂ ਮੈਂ ਇਸ ਤਿੱਖੇ ਢੰਗ ਬਾਰੇ ਸੋਚਦਾ ਸਾਂ ਤਾਂ ਮੇਰਾ ਦਿਲ ਦੁਖੀ ਹੋ ਉਠਦਾ ਸੀ (ਤੇ ਮੈਂ ਭੱਜ ਜਾਣ ਵਿਚ ਹੀ ਵਧੇਰੇ ਸਿਆਣਪ ਸਮਝਦਾ ਸਾਂ)। ਇਸ ਲਈ ਮੈਂ ਤੀਰ ਵਾਂਗ ਸ਼ੂਟ ਵੱਟ ਲਈ।"

ਇੰਜ ਕਿਸ਼ਲੀ ਖ਼ਾਨ ਦੀ ਨਾਰਾਜ਼ਗੀ ਸਹਾਰ ਕੇ ਤੇ ਹੋਰ ਵਧੇਰੇ ਬੇਗਾਨਗੀ ਦੇ ਡਰ ਤੋਂ, ਉਹ ਬੁਗਰਾ ਖ਼ਾਨ ਦੀ ਪਨਾਹ ਵਿਚ, ਸਮਾਣੇ ਚਲਿਆ ਗਿਆ ਤੇ ਸ਼ਾਹਜ਼ਾਦੇ ਨੇ ਅੱਗੋਂ ਉਹਨੂੰ ਖਿੜੇ-ਦਿਲ ਨਾਲ ਜੀ-ਆਇਆਂ ਕਿਹਾ ਤੇ ਉਹਦੀ ਪਦਵੀ ਵੀ ਵਧਾ ਦਿਤੀ। ਖ਼ੁਸਰੋ ਨੇ ਵੀ ਉਹਦੀ ਸਿਫ਼ਤ-ਸਲਾਹ ਗਾ ਕੇ ਉਹਦਾ ਇਵਜ਼ਾਨਾ ਤਾਰਿਆ। ਜੇ ਬੁਗਰਾ ਖ਼ਾਨ ਆਪਣੇ ਪਿਉ ਨਾਲ ਇਕ ਮੁਹਿੰਮ ਉਤੇ ਲਖਨੌਤੀ ਵੱਲ ਨਾ ਜਾਂਦਾ ਤਾਂ ਖ਼ੁਸਰੋ ਨੇ ਉਸੇ ਕੋਲ ਰਹਿ ਪੈਣਾ ਸੀ। ਖ਼ੁਸਰੋ ਨੂੰ ਇਹ ਖ਼ਾ ਪਸੰਦ ਨਾ ਆਈ। ਬੁਗਰਾ ਖ਼ਾਨ ਨੇ ਆਪਣੇ ਪਤਵੰਤੇ ਅਹਿਲਕਾਰਾਂ ਰਾਹੀਂ ਉਹਨੂੰ ਭਰਮਾਣ ਦਾ ਸਿਰਤੋੜ ਯਤਨ ਕੀਤਾ ਪਰ ਖ਼ੁਸਰੋ ਪਰੇਰਿਆ ਨਾ ਜਾ ਸਕਿਆ ਤੇ ਜਦੋਂ ਬਲਬਨ ਵਾਪਸ ਪਰਤਿਆ ਤਾਂ ਉਹ ਵੀ ਮੁੜ ਦਿੱਲੀ ਆ ਗਿਆ।

ਬਲਬਨ ਜੇਤੂ ਹੋ ਕੇ ਆਇਆ ਸੀ ਤੇ ਦਿੱਲੀ ਦੇ ਲੋਕਾਂ ਨੇ ਇਸ ਜਿੱਤ ਦੇ ਜਸ਼ਨ ਮਨਾਏ। ਜੇਤੂ ਬਾਦਸ਼ਾਹ ਨੂੰ ਕੀਮਤੀ ਤੋਹਫ਼ੇ ਭੇਟ ਕੀਤੇ ਗਏ। ਇਸ ਜਿੱਤ ਬਾਰੇ ਸੁਣ ਕੇ ਬਾਦਸ਼ਾਹ ਦਾ ਵੱਡਾ ਪੁੱਤਰ, ਤੇ ਮੁਲਤਾਨ ਦਾ ਗਵਰਨਰ ਸ਼ਾਹਜ਼ਾਦਾ ਮੁਹੰਮਦ ਖ਼ਾਨ ਵੀ ਖ਼ਿਰਾਜੇ-ਅਕੀਦਤ ਪੇਸ਼ ਕਰਨ ਲਈ ਆਇਆ। ਖ਼ੁਸਰੋ ਨੇ ਦੱਸਿਆ ਹੈ ਕਿ ਉਹ ਕਿਵੇਂ ਸ਼ਾਹਜ਼ਾਦੇ ਦੇ ਸੰਪਰਕ ਵਿਚ ਆਇਆ :

"ਦਾਮ ਦੀ ਜਿੱਤ ਤੋਂ ਪਿਛੋਂ ਉਹਨਾਂ ਦਿਨਾਂ ਵਿਚ ਸਤਿਕਾਰ ਯੋਗ ਖ਼ਾਨ, ਮਹਾਨ ਖ਼ਾਨ ਮਲਿਕ, ਦਿੱਲੀ ਆਇਆ, ਤੇ ਕਿਉਂਕਿ ਮੇਰੀ ਕਿਸਮਤ ਦੀ ਡੋਰ ਉਸ ਨਾਲ ਬੱਝੀ ਹੋਈ ਸੀ, ਉਸ ਮੇਰੀ ਤਕਰੀਰ (ਕਵਿਤਾ) ਦੇ ਪੱਕੇ ਫਲ ਦੀ ਮੰਗ ਕਰਨ ਦੀ ਖ਼ੁਸ਼ੀ ਮੈਨੂੰ ਬਖ਼ਸ਼ੀ। ਜੋ ਵੀ ਚੰਦ ਕਵਿਤਾਵਾਂ ਉਸ ਵੇਲੇ ਮੌਜੂਦ ਸਨ ਮੈਂ ਉਹੋ ਉਸ ਕੋਲ ਲੈ ਗਿਆ। ਸ਼ਾਹਜ਼ਾਦਾ ਇਹਨਾਂ ਨੂੰ ਸੁਣ ਕੇ ਬਹੁਤ ਹੀ ਖ਼ੁਸ਼ ਹੋਇਆ ਤੇ ਉਹਨੇ ਮੈਨੂੰ ਚੋਗ਼ਾ ਤੇ ਟੋਪੀ ਬਖ਼ਸ਼ ਕੇ ਨਿਵਾਜਿਆ।"

ਖ਼ੁਸਰੋ ਨੂੰ, ਸ਼ਾਹਜ਼ਾਦੇ ਨੇ ਆਪਣੇ ਨਾਲ ਮੁਲਤਾਨ ਚਲਣ ਲਈ ਕਿਹਾ। ਖ਼ੁਸਰੋ ਕੋਲ ਹੁਣ ਕੋਈ ਚਾਰਾ ਨਹੀਂ ਸੀ ਤੇ ਉਹਨੂੰ ਹੁਕਮ ਮੰਨਣਾ ਹੀ ਪੈਣਾ ਸੀ, ਤੇ ਉਹਦੇ ਆਪਣੇ ਸ਼ਬਦਾਂ ਅਨੁਸਾਰ ਉਸ 'ਸੇਵਾ ਦਾ ਕਮਰਕੱਸਾ ਲੱਕ ਦੁਆਲੇ ਕੱਸ ਲਿਆ ਤੇ ਆਪਣੇ ਸਿਰ ਉਤੇ ਸਾਥ ਦੀ ਟੋਪੀ ਪਾ ਲਈ।' ਸਿਰਫ਼ ਖ਼ੁਸਰੋ ਹੀ ਨਹੀਂ ਸਗੋਂ ਉਹਦਾ ਮਿੱਤਰ ਅਮੀਰ ਨਜ਼ਾਮਉੱਦੀਨ ਹਸਨ ਸਿਜਜ਼ੀ ਵੀ ਸ਼ਾਹਜ਼ਾਦੇ ਨਾਲ ਮੁਲਤਾਨ ਆ ਗਿਆ। ਉਹ ਦੋਵੇਂ ਪੰਜ ਸਾਲ ਤੱਕ ਮੁਲਤਾਨ ਰਹੇ। ਇਸ ਪਿਛੋਂ ਸ਼ਾਹਜ਼ਾਦਾ ਮਹਿਮੂਦ ਮੰਗੋਲਾਂ ਨਾਲ ਲੜਦਿਆਂ ਰਣ-ਖੇਤਰ ਵਿਚ ਮਾਰਿਆ ਗਿਆ। ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਖ਼ੁਸਰੋ ਤੇ ਹਸਨ ਸਿਜਜ਼ੀ ਦੋਹਾਂ ਨੂੰ ਸ਼ਾਹਜ਼ਾਦੇ ਦੀ ਬੇਵਕਤ ਮੌਤ ਉਤੇ ਬੜਾ ਹੀ ਡੂੰਘਾ ਦੁਖ ਹੋਇਆ, ਉਹਨਾਂ ਲਈ ਉਹ ਦਿਆਲਤਾ ਤੇ ਸਖ਼ੀਪੁਣੇ ਦਾ ਸਾਕਾਰ ਰੂਪ ਸੀ। ਮੰਗੋਲਾਂ ਨੇ ਉਹਨਾਂ ਦੋਹਾਂ ਨੂੰ ਕੈਦੀ ਬਣਾ ਲਿਆ, ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਦਿੱਲੀ ਆ ਪੁਜੇ ਤੇ ਉਹਨਾਂ ਪਹਿਲੋਂ ਹੀ ਸੋਗਾਂ ਵਿਚ ਡੁੱਬੀ ਦਿੱਲੀ ਨੂੰ ਸ਼ਾਹਜ਼ਾਦੇ ਦੀ ਮੌਤ ਦੀ ਦਿਲ-ਕੰਬਾਊ ਤੇ ਦਿਲਗੀਰੀ ਵਾਲੀ ਖ਼ਬਰ ਆਣ ਦਿਤੀ। ਖ਼ੁਸਰੋ ਆਪਣੀ ਕੈਦ ਦਾ ਬਿਆਨ ਹੇਠ ਲਿਖੇ ਸ਼ਬਦਾ ਵਿਚ ਦਸਦਾ ਹੈ :

"ਸ਼ਹੀਦਾਂ ਦੇ ਲਹੂ ਨੇ ਧਰਤੀ ਨੂੰ ਪਾਣੀ ਵਾਂਗ ਸਿੰਜ ਦਿਤਾ, ਕੈਦੀਆਂ ਦੇ ਚਿਹਰਿਆਂ ਨੂੰ ਰੱਸੀਆਂ ਨੇ ਇੰਜ ਜਕੜਿਆ ਹੋਇਆ ਸੀ ਜਿਵੇਂ ਗੁਲਦਸਤੇ ਵਿਚ ਫੁੱਲ ਬੱਧੇ ਹੋਏ ਹੋਣ; ਕਾਠੀਆਂ ਦੇ ਤੰਗਾਂ ਦੀਆਂ ਗੰਢਾਂ ਨਾਲ ਸਿਰ ਨੂੜੇ ਹੋਏ ਸਨ ਤੇ ਉਹਨਾਂ ਦੀਆਂ ਸੰਘੀਆਂ ਲਗਾਮਾਂ ਦੀਆਂ ਫਾਹੀਆਂ ਨਾਲ ਘੁਟੀਆਂ ਹੋਈਆਂ ਸਨ। ਭਾਵੇਂ ਮੈਂ ਇਸ ਪੀੜਤ

ਮੁਸੀਬਤ ਤੋਂ ਜਿਉਂਦਾ ਤਾਂ ਬਚ ਗਿਆ ਸਾਂ, ਪਰ ਮੈਨੂੰ ਕੈਦੀ ਬਣਾ ਲਿਆ ਗਿਆ ਸੀ ਤੇ ਮੌਤ ਦੇ ਭੈ ਨੇ ਮੇਰੀ ਕਮਜ਼ੋਰ ਤੇ ਪਤਲੀ ਦਿਹ ਵਿਚ ਲਹੂ ਦੀ ਤਿੱਪ ਨਹੀਂ ਸੀ ਛੱਡੀ। ਮੈਨੂੰ ਵਾਛੜ ਵਾਂਗ ਸਿਰ ਮਦਾਨ ਭਜਣਾ ਪਿਆ, ਤੇ ਲੰਮੇ ਬਿਖੜੇ ਪੈਂਡੇ ਸਦਕਾ ਮੇਰੇ ਪੈਰਾਂ 'ਚ ਹਜ਼ਾਰਾਂ ਛਾਲੇ ਹੋ ਗਏ, ਤੇ ਪੈਰਾਂ ਦੀ ਚਮੜੀ ਲੀਰੋ ਲੀਰ ਹੋ ਗਈ। ਜ਼ਿੰਦਗੀ ਇਹਨਾਂ ਤਕਲੀਫ਼ਾਂ ਸਦਕਾ ਤਲਵਾਰ ਦੇ ਦਸਤੇ ਵਾਂਗ ਕਾਠੀ ਹੋ ਗਈ ਜਾਪੀ ਤੇ ਦਿਹ ਕੁਹਾੜੇ ਦੇ ਦਸਤੇ ਦੀ ਲਕੜ ਵਾਂਗ ਖ਼ੁਸ਼ਕ ਬਣ ਗਈ। ਪੱਤਝੜ ਦੇ ਰੁੱਖ ਵਾਂਗ ਦਿਹ ਨੰਗ-ਮਨੰਗੀ ਹੋ ਗਈ, ਤੇ ਕੰਡਿਆਲੀਆਂ ਝਾੜੀਆਂ ਦੇ ਦੁਖਦਾਈ ਜ਼ਖਮਾਂ ਸਦਕਾ ਸੈਆਂ ਥਾਵਾਂ ਤੋਂ ਲੀਰੋ-ਲੀਰ ਹੋ ਗਈ। ਮੇਰੀਆਂ ਅੱਖਾਂ ਵਿਚੋਂ ਹੰਝੂ ਇੰਜ ਡਿਗਦੇ ਸਨ ਜਿਵੇਂ ਵਿਆਹੁਲੀਆਂ ਦੀ ਧੌਣ ਤੋਂ ਮੋਤੀ ਕਿਰਦੇ ਹਨ। ਜਿਹੜਾ ਚੰਦਰਾ, ਖੱਚ ਬੰਦਾ ਮੈਨੂੰ ਲਿਜਾ ਰਿਹਾ ਸੀ ਉਹ ਅੱਗੇ ਘੋੜੇ ਉਤੇ ਬੈਠਾ ਇਉਂ ਲੱਗਦਾ ਸੀ ਜਿਵੇਂ ਪਹਾੜੀ ਉਤੇ ਚੀਤਾ ਬੈਠਾ ਹੋਵੇ; ਉਹਦੇ ਮੂੰਹ ਉਤੇ, ਠੋਢੀ ਉਤੇ ਲਮਕਦੀਆਂ ਗੰਦੀਆਂ ਮੁੱਛਾਂ ਵਿਚੋਂ ਬੜੀ ਭੈੜੀ ਸੜ੍ਹਾਂਦ ਆਉਂਦੀ ਸੀ। ਜੇ ਥਕੇਵੇਂ ਸਦਕਾ ਮੈਂ ਕਿਧਰੇ ਹੌਲੀ ਤੁਰਨ ਲਗ ਪੈਂਦਾ ਤਾਂ ਉਹ ਮੈਨੂੰ ਕਦੇ ਆਪਣਾ 'ਤਿੱਗਾ' ਤੇ ਕਦੇ 'ਤੁਗਮਾਰ' ਕੱਢ ਕੇ ਡਰਾਉਂਦਾ। ਮੈਂ ਡੂੰਘੇ ਹਉਕੇ ਭਰਦਾ ਸਾਂ ਤੇ ਮੇਰੇ ਮਨ ਵਿਚ ਇਹੋ ਖ਼ਿਆਲ ਆਉਂਦਾ ਸੀ ਕਿ ਏਸ ਬਲਾ ਕੋਲੋਂ ਹੁਣ ਕਿਵੇਂ ਵੀ ਬਚ ਕੇ ਜੀਉਂਦਾ ਨਹੀਂ ਨਿਕਲ ਸਕਾਂਗਾ। ਪਰ ਲੱਖ ਲੱਖ ਸ਼ੁਕਰ ਹੈ ਉਸ ਖ਼ੁਦਾ ਦਾ ਕਿ ਉਸ ਮੈਨੂੰ ਇਸ ਮੁਸੀਬਤ ਵਿਚੋਂ ਕਢ ਲਿਆ ਤੇ ਮੈਂ ਤੀਰ ਨਾਲ ਅਣਵਿਧੇ ਦਿਲ ਤੇ ਤਲਵਾਰ ਨਾਲ ਅਣਵੱਟੀ ਦਿਹ ਲੈ ਕੇ ਬਚਦਿਆਂ ਖ਼ਲਾਸੀ ਪਾ ਆਇਆ।"[1]

ਮੁਲਤਾਨ ਵਿਚ ਸ਼ਾਹਜ਼ਾਦੇ ਨਾਲ ਰਹਿੰਦਿਆਂ ਖ਼ੁਸਰੋ ਨੇ ਬੜੀ ਖ਼ੂਬਸੂਰਤੀ ਨਾਲ ਕਵਿਤਾ ਲਿਖੀ ਤੇ ਗੰਦੀਂ ਤੇ ਲਾਸਾਨੀ ਸਿਖਰਾਂ ਛੋਹੀਆਂ। ਧਨ-ਦੌਲਤ

1. ਗੁਰਾਤ-ਉਲ-ਕਮਾਲ ਦਾ ਦੀਬਾਚਾ ਵਿਚੋਂ; ਅੰਗਰੇਜ਼ੀ ਅਨੁਵਾਦ ਵਾਹੀਦ ਮਿਰਜ਼ਾ; 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

ਵਿਚ ਖੇਡਦਿਆਂ ਤੇ ਲਗ ਪਗ ਜੀਵਨ ਦੇ ਕਿਆਸੇ ਜਾਣ ਵਾਲੇ ਸਾਰੇ ਸੁਖ ਮਾਣਦਿਆਂ ਵੀ ਖ਼ੁਸਰੋ ਕਦੇ ਦਿੱਲੀ ਦੀ ਲੁਭਾਉਣੀ ਤੇ ਸਾਦੀ ਸੁੰਦਰਤਾ ਨੂੰ, ਇਕ ਪਲ ਲਈ ਨਾ ਭੁਲਾ ਸਕਿਆ।

ਸ਼ਾਹਜ਼ਾਦੇ ਮੁਹੰਮਦ ਦੀ ਮੌਤ ਦੀ ਸੱਟ ਬਲਬਨ ਲਈ ਬੜੀ ਮਾਰੂ ਸੀ। ਅੱਸੀ ਵਰ੍ਹਿਆਂ ਦੀ ਉਮਰ ਵਿਚ ਅਜੇਹੀ ਨਿਰਦਈ ਸੱਟ ਮੁਸ਼ਕਲ ਨਾਲ ਹੀ ਝੱਲੀ ਜਾ ਸਕਦੀ ਸੀ। ਬਾਦਸ਼ਾਹ ਆਪਣੀਆਂ ਸਧਾਰਨ ਜ਼ਿੰਮੇਵਾਰੀਆਂ ਨਿਭਾਉਂਦਾ ਸੀ, ਪਰ ਦੁਖ ਉਹਦੇ ਅੰਤਾਹਕਰਣ ਨੂੰ ਘੁਣ ਵਾਂਗ ਖਾਈ ਜਾ ਰਿਹਾ ਸੀ। ਬੁੱਢਾ ਤੇ ਦੁਖਾਂ-ਮਾਰਿਆ ਬਾਦਸ਼ਾਹ, ਸ਼ਾਹਜ਼ਾਦੇ ਮੁਹੰਮਦ ਦੀ ਮੌਤ ਤੋਂ ਪਿਛੋਂ ਚੰਗੀ ਤਰ੍ਹਾਂ ਜਾਣ ਗਿਆ ਸੀ ਕਿ ਉਹਦਾ ਆਪਣਾ ਅੰਤ ਵੀ ਹੁਣ ਬਹੁਤੀ ਦੂਰ ਨਹੀਂ ਸੀ। ਉਹ ਆਪਣੇ ਦੂਜੇ ਪੁੱਤਰ ਲਖਨੌਤੀ ਵਾਲੇ ਸ਼ਾਹਜ਼ਾਦੇ, ਬੁਗਰਾ ਖ਼ਾਨ ਨੂੰ ਆਪਣਾ ਜਾਂਨਸ਼ੀਨ ਥਾਪਣਾ ਚਾਹੁੰਦਾ ਸੀ, ਪਰ ਸ਼ਾਹਜ਼ਾਦੇ ਨੇ ਨਿੱਜੀ ਕਾਰਨਾਂ ਸਦਕਾ ਇਹ ਪੇਸ਼ਕਸ਼ ਮਨਜ਼ੂਰ ਨਾ ਕੀਤੀ। ਫੇਰ ਬਾਦਸ਼ਾਹ ਨੇ ਸ਼ਹੀਦ ਸ਼ਾਹਜ਼ਾਦੇ, ਮੁਹੰਮਦ ਦੇ ਪੁੱਤਰ ਕੱਈ ਖ਼ੁਸਰੋ ਵਲ ਨਿਗਾਹ ਕੀਤੀ ਤੇ ਉਹਨੂੰ ਆਪਣਾ ਟਿੱਕਾ ਬਣਾਣ ਦੀ ਇੱਛਾ ਜ਼ਾਹਰ ਕੀਤੀ, ਪਰ ਕੋਤਵਾਲ ਮਲਿਕ-ਉੱਲ-ਉਮਰਾ ਨੇ ਇਹ ਗੱਲ ਬਿਲਕੁਲ ਮਨਜ਼ੂਰ ਨਾ ਕੀਤੀ, ਕਿਉਂਕਿ ਆਖ਼ਰ ਕੱਈ ਖ਼ੁਸਰੋ ਉਸ ਸ਼ਾਹਜ਼ਾਦੇ ਮੁਹੰਮਦ ਦਾ ਪੁੱਤਰ ਸੀ ਜਿਸ ਦੇ ਬਾਰੇ ਮਲਿਕ-ਉਲ-ਉਮਰਾ ਦੇ ਚਿੱਤ ਵਿਚ ਪੁਰਾਣੀ ਰੰਜਸ਼ ਸੀ। ਤੇ ਉਸ ਬਾਦਸ਼ਾਹ ਉਤੇ ਜ਼ੋਰ ਪਾਇਆ ਕਿ ਉਹ ਬੁਗਰਾ-ਖ਼ਾਨ ਦੇ ਪੁੱਤਰ ਮੁਈਜ਼ਉੱਦੀਨ ਕਈਕੋਬਾਦ ਨੂੰ ਆਪਣਾ ਜਾਂਨਸ਼ੀਨ ਥਾਪਣ ਦਾ ਐਲਾਨ ਕਰੇ।

ਅਠਾਰਾਂ ਵਰ੍ਹਿਆਂ ਦੇ ਸ਼ਾਹਜ਼ਾਦੇ ਨੇ ਆਪਣੇ ਬਾਬੇ ਦਾ ਤਖ਼ਤ ਸੰਭਾਲਿਆ। ਇਹ ਸ਼ਾਹਜ਼ਾਦਾ ਬਲਬਨ ਦੀ ਧਾਰਮਕ-ਮਰਿਆਦਾ ਵਾਲੀ ਕਰੜੀ ਨਿਗਰਾਨੀ ਹੇਠ ਪਲਿਆ ਤੇ ਪਰਵਾਨ ਚੜ੍ਹਿਆ ਸੀ ਤੇ ਐਸ਼-ਇਸ਼ਰਤ ਦੇ ਜੀਵਨ ਵਲੋਂ ਉੱਕਾ ਅਣਜਾਣ ਸੀ। ਉਹ ਇਕ ਮਾਸੂਮ ਬੇਦਾਗ਼ ਚਾਲ-ਚਲਨ ਵਾਲਾ ਨੌਜਵਾਨ ਸੀ। ਪਰ ਹੁਣ ਉਸ ਦੀ ਨਿਗਰਾਨੀ ਰਖਣ ਵਾਲਾ ਕੋਈ ਨਹੀਂ ਸੀ ਰਿਹਾ। ਜ਼ਿੰਦਗੀ ਉਹਦੇ ਸਾਹਮਣੇ ਆਪਣੇ ਨੰਗੇ ਜਲੌ-ਜਲਾਲ ਤੇ ਇਕ ਛਲਾਵੇ ਦੇ ਰੂਪ ਵਿਚ ਨੱਚ ਰਹੀ ਸੀ, ਤੇ ਸ਼ਰਾਬ ਤੇ ਤੀਵੀਂ ਉਸ ਸਮੇਂ ਦੀ ਰਹੁ-ਰੀਤ ਬਣ ਗਈਆਂ ਹੋਈਆਂ ਸਨ। ਜਿਵੇਂ ਦੂਜਿਆਂ ਦਾ ਜੀ ਕਰਦਾ ਸੀ

ਉਹ ਰਾਜ ਪਏ ਕਰਦੇ ਸਨ ! ਅਸਲ ਵਿਚ ਪ੍ਰਧਾਨ ਮੰਤਰੀ ਮਲਿਕ ਨਿਜ਼ਾਮਉੱਦੀਨ ਹੀ ਅਸਲੀ ਬਾਦਸ਼ਾਹ ਸੀ। ਕਈਕੋਬਾਦ ਹੁਣ ਹਰ ਤਰ੍ਹਾਂ ਦੀਆਂ ਬਦਫ਼ਿਹਲੀਆਂ ਵਿਚ ਗ਼ਲਤਾਨ ਹੋਇਆ ਰਹਿੰਦਾ ਤੇ ਦੇਸ਼ ਦੀਆਂ ਸਮੱਸਿਆਵਾਂ ਵਲ ਧਿਆਨ ਦੇਣ ਦਾ ਉਹਨੂੰ ਕੋਈ ਵਕਤ ਨਹੀਂ ਸੀ ਮਿਲਦਾ। ਦਿੱਲੀ ਦਾ ਦਰਬਾਰ ਹੁਣ, ਜਿਵੇਂ ਕਿ ਹੋਣਾ ਹੀ ਚਾਹੀਦਾ ਸੀ, ਗੋਂਦਾਂ ਗੁੰਦਣ ਦਾ ਪੱਕਾ ਅੱਡਾ ਬਣ ਗਿਆ ਹੋਇਆ ਸੀ। ਬਲਬਨ ਨੇ ਇਹ ਵੇਖ ਕੇ ਕਿ ਸ਼ਾਹਜ਼ਾਦਾ ਕੱਈ ਖ਼ੁਸਰੋ ਉਸ ਦਾ ਤਖ਼ਤ ਸੰਭਾਲਣੋਂ ਅਸਮਰਥ ਰਿਹਾ ਹੈ, ਉਹਨੂੰ ਮੁਲਤਾਨ ਭੇਜ ਦਿਤਾ ਜਿਥੇ ਉਹਨੂੰ ਮਲਿਕ ਨਿਜ਼ਾਮਉੱਦੀਨ ਨੇ ਸਾਜ਼ਸ਼ ਕਰ ਕੇ ਕਤਲ ਕਰਵਾ ਦਿਤਾ। ਹੁਣ ਸਾਰੇ ਦੇਸ਼ ਵਿਚ ਸਿਰਫ਼ ਗੜਬੜ ਤੇ ਉਥਲ-ਪੁਥਲ, ਸਮਾਜਕ ਤੇ ਅਖ਼ਲਾਕੀ ਗਿਰਾਵਟ ਦਾ ਹੀ ਦੌਰ-ਦੌਰਾ ਸੀ। ਉਠ ਰਹੀ ਨਿਰਾਸ਼ਾ ਨੇ ਦੇਸ਼ ਦੀ ਉਸ ਏਕਤਾ ਨੂੰ ਖ਼ਤਰੇ ਵਿਚ ਪਾ ਦਿਤਾ ਸੀ ਜਿਹੜੀ ਬਲਬਨ ਨੇ ਆਪਣੀ ਉਮਰ ਦੇ ਚਾਲ੍ਹੀ ਲੰਮੇ ਤੇ ਉਤਸ਼ਾਹ-ਭਰੇ ਕਰੜੇ ਵਰ੍ਹਿਆਂ ਵਿਚ ਉਸਾਰੀ ਸੀ। ਉਹਨੇ ਇਹ ਏਕਤਾ ਬਾਦਸ਼ਾਹ ਤੇ ਪ੍ਰਧਾਨ-ਮੰਤਰੀ ਦੇ ਰੂਪ ਵਿਚ, ਤਨੋਂ-ਮਨੋਂ ਸੇਵਾ ਕਰਦਿਆਂ ਤੇ ਇਕਾਗਰ-ਮਨ ਹੋ ਕੇ ਦਿਨ-ਰਾਤ ਇਕ ਕਰਦਿਆਂ, ਪੈਦਾ ਕੀਤੀ ਸੀ।

ਅਵਾਰਾ ਕਈਕੋਬਾਦ ਦਾ ਪਿਤਾ ਬੁਗ਼ਰਾਖ਼ਾਨ ਵੀ ਇਸ ਸਾਰੀ ਹਾਲਤ ਬਾਰੇ ਸੁਚੇਤ ਸੀ। ਉਸ ਸੋਚਿਆ ਕਿ ਹੁਣ ਉਹ ਸਮਾਂ ਆ ਗਿਆ ਸੀ ਜਦੋਂ ਦਿੱਲੀ ਦੇ ਤਖ਼ਤ ਉਤੇ ਕਬਜ਼ਾ ਕਰ ਲੈਣਾ ਚਾਹੀਦਾ ਸੀ, ਜਿਹੜਾ ਉਹਨੇ ਆਪਣੀ ਮੂਰਖਤਾ ਸਦਕਾ ਗੁਆ ਲਿਆ ਸੀ। ਉਸ ਨੂੰ ਆਪਣੇ ਪੁੱਤਰ ਨੂੰ ਤਖ਼ਤੋਂ ਲਾਹੁਣਾ ਪੈਣਾ ਸੀ ਜਿਹੜਾ ਸਮਾਜੀ ਤੇ ਅਖ਼ਲਾਕੀ ਭੇੜਾਂ ਦਾ ਜ਼ਿੰਮੇਵਾਰ ਸੀ ਜਿਨ੍ਹਾਂ ਨੇ ਰਾਜ ਪ੍ਰਬੰਧ ਨੂੰ ਕਮਜ਼ੋਰ ਕਰ ਦਿਤਾ ਹੋਇਆ ਸੀ ਤੇ ਦੇਸ਼ ਨੂੰ ਤਬਾਹੀ ਦੇ ਕੰਢੇ ਉਤੇ ਲਿਆ ਖੜਾ ਕੀਤਾ ਸੀ। ਸ਼ਾਹਜ਼ਾਦੇ ਨੇ ਦਿੱਲੀ ਵਲ ਕੂਚ ਕਰ ਦਿਤਾ। ਬਾਦਸ਼ਾਹ ਨੂੰ ਜਦੋਂ ਇਸ ਗੱਲ ਦਾ ਪਤਾ ਲਗਿਆ ਤਾਂ ਉਹਨੂੰ ਸੋਧਣ ਲਈ ਬਿਨਾਂ ਪਿਤਰੀ-ਪਿਆਰ ਦਾ ਖ਼ਿਆਲ ਕੀਤਿਆਂ ਉਹਦਾ ਟਾਕਰਾ ਕਰਨ ਲਈ ਨਿਕਲ ਤੁਰਿਆ। ਬਾਦਸ਼ਾਹ ਦੇ ਨਾਲ ਉਸ ਦੇ ਉਮਰਾਵ ਸਨ ਜਿਨ੍ਹਾਂ ਵਿਚ ਖ਼ੁਸਰੋ ਦਾ ਸਰਪ੍ਰਸਤ, ਹਾਤਮ ਖ਼ਾਨ ਖ਼ਾਨਾਏ-ਜਹਾਨ ਵੀ ਸ਼ਾਮਲ ਸੀ ਜਿਸ ਕੋਲ ਖ਼ੁਸਰੋ ਮੁਹੰਮਦ ਦੀ

ਮੌਤ ਪਿਛੋਂ ਆਪ ਹੀ ਆ ਗਿਆ ਸੀ। ਖ਼ੁਸਰੋ ਵੀ ਇਸ ਕਾਫ਼ਲੇ ਵਿਚ ਸ਼ਾਮਲ ਸੀ ਤੇ ਉਹਨੇ ਤੇਜ਼ੀ ਨਾਲ ਬਦਲਦੇ ਇਹਨਾਂ ਹਾਲਾਤ ਨੂੰ ਬੜੇ ਗਹੁ ਨਾਲ ਜਾਚਿਆ। ਪਰ ਤੁਰਤ ਹੀ ਪਿਤਾ ਤੇ ਪੁੱਤਰ ਵਿਚਕਾਰ ਵਾਪਰਨ ਵਾਲਾ ਖ਼ੂਨੀ ਸਾਕਾ, ਸ਼ਮਸਉੱਦੀਨ ਦਾਬਰ ਵਰਗੇ ਕੁਝ ਸ਼ੁਭਚਿੰਤਕਾਂ ਤੇ ਨੇਕ-ਨੀਅਤ ਲੋਕਾਂ ਦਾ ਸਦਕਾ, ਟਲ ਗਿਆ ਤੇ ਉਹਨਾਂ ਨੇ ਦੋਹਾਂ ਦੀ ਸੁਲਾਹ-ਸਫ਼ਾਈ ਕਰਾ ਦਿਤੀ।

ਇਹ ਖ਼ੁਸ਼ੀਆਂ ਮਨਾਣ ਵਾਲਾ ਇਕ ਸ਼ੁਭ-ਅਵਸਰ ਸੀ। ਖ਼ੁਸਰੋ ਵਰਗਾ ਬੰਦਾ ਇਸ ਮੌਕੇ ਉਤੇ ਕਿੰਜ ਚੁੱਪ ਰਹਿ ਸਕਦਾ ਸੀ ? ਉਹਨੇ ਇਕ ਕਸੀਦਾ ਲਿਖਿਆ ਤੇ ਬਾਦਸ਼ਾਹ ਦੀ ਖ਼ਿਦਮਤ ਵਿਚ ਪੇਸ਼ ਕੀਤਾ। ਉਸ ਗੰਵਿਆਂ :

"ਦੋ ਬਾਦਸ਼ਾਹਾਂ ਦੀ ਸੁਲਾਹ-ਸਫ਼ਾਈ 'ਤੇ ਇਕ ਦੇਸ਼ ਖ਼ੁਸ਼ੀਆਂ ਪਿਆ ਮਨਾਂਦਾ ਏ ਤੇ ਜਦੋਂ ਦੋਂਹ ਪਿਆਲਿਆਂ ਨੂੰ ਇਕੋ ਵਿਚ ਰਲਾਇਆ ਜਾਏ ਤਾਂ ਮਹਿਫ਼ਲ ਖ਼ੁਸ਼ੀਆਂ ਮਨਾਉਂਦੀ ਏ। ਪੁੱਤਰ ਇਕ ਬਾਦਸ਼ਾਹ, ਪਿਤਾ ਵੀ ਸੁਲਤਾਨ ; ਬਾਦਸ਼ਾਹਤ ਦੀਆਂ ਸ਼ਾਨਾਂ ਵੇਖੋ, ਕਿਉਂਕਿ ਦੋ ਸੁਲਤਾਨ ਇਕ ਹੋਏ ਹਨ ! ਦੁਨੀਆਂ ਦੇ ਰਾਜ ਕਰਨ ਲਈ ਤੇ ਆਪਣੀ-ਸਲਤਨਤ ਕਾਇਮ ਕਰਨ ਲਈ ਦੋ ਜ਼ੋਰਾਵਰ ਹਾਕਮ ਇਕ ਹੋ ਗਏ ਨੇ। ਇਕ, ਸਮੇਂ ਦਾ 'ਮਦਦਗਾਰ' ਮਹਿਮੂਦ ਸੁਲਤਾਨ ਹੈ ਜਿਸ ਦੀ ਰਾਜ ਸ਼ਕਤੀ ਸਲਤਨਤ ਦੀਆਂ ਚਹੁੰ-ਕੂੰਟਾਂ ਤਕ ਫੈਲੀ ਹੋਈ ਹੈ, ਤੇ ਦੂਜਾ ਧਰਤੀ ਦੀ 'ਸ਼ਾਨ' ਕਈਕੋਬਾਦ ਹੈ, ਜਿਸ ਦੀ ਹਕੂਮਤ ਹੇਠ ਈਰਾਨ ਤੇ ਤਹਿਰਾਨ ਇਕ ਹੋ ਗਏ ਨੇ[1]।"

ਇਸ ਮੌਕੇ ਦੀ ਯਾਦਗਾਰ ਵਿਚ, ਕਈਕੋਬਾਦ ਦੀ ਇੱਛਾ ਅਨੁਸਾਰ ਇਕ ਮਥਨਵੀ 'ਕਿਰਨ-ਅਸ-ਸਾਦਾਇਨ' (ਦੋ ਸ਼ਗਨਾਂ ਭਰੇ ਸਿਤਾਰਿਆਂ ਦਾ ਸੁਮੇਲ) ਲਿਖੀ। ਖ਼ੁਸਰੋ ਦੇ ਕਹਿਣ ਅਨੁਸਾਰ ਮਥਨਵੀ ਵਿਚ ੩੯੪੪ ਕਵਿਤਾਵਾਂ ਹਨ ਤੇ ਇਹ ਉਸ ਨੇ ਅਵਧ ਤੋਂ, ਆਪਣੇ ਸਰਪ੍ਰਸਤ ਹਾਤਮ-ਖ਼ਾਨ ਪਾਸੋਂ ਮੁੜਨ ਪਿਛੋਂ, ਛੇਆਂ ਮਹੀਨਿਆਂ ਦੇ ਥੋੜੇ ਸਮੇਂ ਵਿਚ ਪੂਰੀ ਕੀਤੀ ਸੀ। ਉਦੋਂ ਉਹਦੀ ਉਮਰ ੩੬ ਵਰ੍ਹਿਆਂ ਦੀ ਸੀ।

---

1. ਅੰਗਰੇਜ਼ੀ ਅਨੁਵਾਦ, ਡਾ: ਵਾਹੀਦ ਮਿਰਜ਼ਾ : 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

ਇਸੇ ਮਥਨਵੀ ਵਿਚ ਸਾਨੂੰ ਖ਼ੁਸਰੋ ਦੀ ਇਕ ਗ਼ਜ਼ਲ ਮਿਲਦੀ ਹੈ ਜਿਸ ਵਿਚ ਉਹ ਦਿੱਲੀ ਦੀ ਸੁੰਦਰਤਾ ਦੀ ਯਾਦ ਨੂੰ ਚਿਤਵਦਾ ਹੈ : "ਓ ਦਿੱਲੀਏ ਤੂੰ ਕਿੰਨੀ ਸੁੰਦਰ ਏਂ, ਕਿੰਨੇ ਸੁੰਦਰ ਨੇ ਤੇਰੇ ਬਾਂਕੇ ਨੌਜਵਾਨ ਜਿਨ੍ਹਾਂ ਦੇ ਸਿਰਾਂ ਉਤੇ ਵਿੰਗੀਆਂ-ਟੇਢੀਆਂ ਤੇ ਬਾਂਕੀਆਂ ਪੱਗਾਂ ਉਂਜ ਈ ਬੇਪ੍ਰਵਾਹੀ ਨਾਲ ਧਰੀਆਂ ਹੋਈਆਂ ਨੇ......ਜਿਧਰ ਉਹ ਜਾਂਦੇ ਨੇ ਓਧਰੇ ਰਾਹ, ਝੂੰਮਦੇ ਫੁੱਲਾਂ ਨਾਲ ਖਿੜ ਉਠਦੇ ਨੇ......ਉਹ ਝੂੰਮਦੇ ਤੁਰਦੇ ਨੇ ਤੇ ਉਹਨਾਂ ਦੇ ਪਿਆਰਿਆਂ ਦੀਆਂ ਅੱਖਾਂ ਖ਼ੂਨ ਦੇ ਹੰਝੂ ਵਹਾਂਦਿਆਂ ਉਹਨਾਂ ਦਾ ਪਿੱਛਾ ਕਰਦੀਆਂ ਨੇ । ਇਹਨਾਂ ਚੰਚਲ ਨੌਜਵਾਨ ਹਿੰਦੂਆਂ ਨੇ ਮੁਸਲਮਾਨਾਂ ਨੂੰ ਸੂਰਜ-ਪੁਜਾਰੀ ਬਣਾ ਦਿਤਾ ਹੈ...... (ਕਿਰਨ-ਅਸ-ਸਾਦਾਇਨ, ਪੰ: ੨੯) ।[1]

ਕਈਕੋਬਾਦ ਨੇ ਕੁਲ ਤਿੰਨ ਵਰ੍ਹੇ ਹੀ ਰਾਜ ਕੀਤਾ ਤੇ ਇਹੋ ਤਿੰਨ ਵਰ੍ਹੇ ਗ਼ੁਲਾਮ ਖ਼ਾਨਦਾਨ ਦੇ ਉਸ ਰਾਜ ਲਈ ਮਾਰੂ ਸਾਬਤ ਹੋਏ, ਜਿਹੜਾ ਕੁਤਬਉੱਦੀਨ ਐਬਕ ਤੇ ਸ਼ਮਸਉੱਦੀਨ ਅਲਤਮਸ਼ ਨੇ ਕਾਇਮ ਕੀਤਾ ਤੇ ਪੱਕੇ-ਪੈਰੀਂ ਉਸਾਰਿਆ ਸੀ । ਕਈਕੋਬਾਦ ਨੇ ਵੀ ਮਲਿਕ ਨਿਜ਼ਾਮਉੱਦੀਨ ਵੱਲੋਂ ਅਪਨਾਏ ਗਏ ਗੋਂਦਾਂ ਗੁੰਦਣ ਦੇ ਮਾਮਲੇ ਦੀ ਮਹਾਨਤਾ ਨੂੰ ਸਮਝ ਲਿਆ ਸੀ, ਪਰ ਉਦੋਂ ਸਮਾਂ ਬੀਤ ਚੁੱਕਿਆ ਸੀ । ਮਲਿਕ ਨਿਜ਼ਾਮਉੱਦੀਨ ਦੇ ਹੱਥ ਹੇਠ ਰਹਿੰਦਿਆਂ, ਕਈਕੋਬਾਦ ਨੇ ਮਲਿਕ ਜਲਾਲਉੱਦੀਨ ਖ਼ਿਲਜੀ ਨੂੰ ਆਰਦ-ਏ-ਮੁਮਾਲਿਕ ਦੀ ਪਦਵੀ ਸੰਭਾਲਣ ਲਈ ਸੱਦਾ ਦਿਤਾ । ਤੇ ਉਸ ਵੇਲੇ ਤਕ ਕਈਕੋਬਾਦ ਦੀ ਸਿਹਤ ਉੱਕਾ ਜੁਆਬ ਦੇ ਚੁਕੀ ਸੀ ਤੇ ਉਹ ਨਾਤਵਾਨੀ ਦੀ ਹਾਲਤ ਵਿਚ ਬੀਮਾਰੀ ਦੇ ਬਿਸਤਰੇ ਤੇ ਪਿਆ ਸੀ । ਦੋਹਾਂ ਧੜਿਆਂ ਵਿਚਕਾਰ ਇਕ ਖ਼ੂਨੀ ਟਾਕਰਾ ਹੋਇਆ ਤੇ ਜਲਾਲਉੱਦੀਨ ਖਿਲਜੀ ਦਾ ਪੱਖ ਕਰਨ ਵਾਲਾ ਧੜਾ ਜਿੱਤ ਗਿਆ । ਜਲਾਲਉੱਦੀਨ ਖ਼ਿਲਜੀ ਨੇ ਆਪਣੇ ਦਿੱਲੀ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ । ਇਸ ਸਮੇਂ ਵਿਚ ਈ ਨਿੱਘਰੇ ਤੇ ਨਿਰਾਦਰੇ ਹੋਏ ਕਈਕੋਬਾਦ ਨੂੰ ਕਤਲ ਕਰ ਦਿਤਾ ਗਿਆ, ਤੇ ਇੰਜ ਗ਼ੁਲਾਮ ਖ਼ਾਨਦਾਨ ਦੇ ਰਾਜ ਦਾ ਅੰਤ ਹੋ ਗਿਆ । ਰਾਜ ਦੀ ਵਾਗ ਡੋਰ ਖ਼ਿਲਜੀਆਂ ਦੇ ਹੱਥ ਚਲੀ ਗਈ ।

1. ਇਬਿਦ ।

੨

ਕਈਕੋਬਾਦ ਦੀ ਮੌਤ ਕੋਈ ਅਸਾਧਾਰਨ ਹਾਲਤਾਂ ਵਿਚ ਨਹੀਂ ਸੀ ਹੋਈ। ਉਸ ਦੀ ਮੌਤ ਜਲਾਲਉੱਦੀਨ ਖ਼ਿਲਜੀ ਦੇ ਦਿੱਲੀ ਦਾ ਬਾਦਸ਼ਾਹ ਬਣਨ ਦਾ ਐਲਾਨ ਹੋਣ ਦੇ ਨਾਲ ਹੀ ਹੋਈ, ਜਿਸ ਨੂੰ ਕਈਕੋਬਾਦ ਨੇ ਮਲਿਕ ਨਿਜ਼ਾਮਉੱਦੀਨ ਤੋਂ ਖਹਿੜਾ ਛੁੜਾਣ ਲਈ, ਆਪਣਾ ਪ੍ਰਧਾਨ-ਮੰਤਰੀ ਬਣਾਣ ਲਈ ਸੱਦਿਆ ਸੀ। ਦਿੱਲੀ ਦੇ ਤਖ਼ਤ ਉੱਤੇ ਬੈਠਣ ਸਮੇਂ ਜਲਾਲਉੱਦੀਨ ਦੀ ਉਮਰ ਸੱਤਰ ਵਰ੍ਹੇ ਦੀ ਸੀ। ਬੁੱਢੇ ਬਾਦਸ਼ਾਹ ਨੇ ਨਿਆਂਕਾਰੀ ਰਾਜ-ਪ੍ਰਬੰਧ ਚਲਾਣ ਲਈ ਹਕੂਮਤ ਸੰਭਾਲੀ। ਸੁਹਿਰਦ, ਬਹਾਦਰ, ਬਖ਼ਸ਼ਿੰਦ ਤੇ ਸਖ਼ੀ ਜਲਾਲਉੱਦੀਨ ਸਾਹਿੱਤ ਤੇ ਕਵਿਤਾ ਦੀ ਸਰਪ੍ਰਸਤੀ ਕਰਦਾ, ਤੇ ਕਦੇ ਕਦਾਈਂ ਆਪ ਵੀ ਕਵਿਤਾ ਲਿਖਦਾ ਹੁੰਦਾ ਸੀ।

ਚੰਗੇ ਭਾਗਾਂ ਨੂੰ ਖ਼ੁਸਰੋ ਲਈ ਸ਼ਾਹੀ ਦਰਬਾਰ ਦਾ ਮਾਹੌਲ ਬੜਾ ਸੁਖਾਵਾਂ ਸੀ। ਉਹਨੇ ਬਾਦਸ਼ਾਹ ਦੇ ਮਨ ਨੂੰ ਜਿੱਤ ਲਿਆ ਤੇ ਉਹਦੇ ਜਿਵੇਂ ਦਿਲ ਵਿਚ ਵੜ ਬੈਠਾ। ਬਾਦਸ਼ਾਹ ਉਸ ਪ੍ਰਤੀ ਏਨਾ ਹਮਦਰਦ ਹੋ ਗਿਆ ਕਿ ਉਹਨੂੰ 'ਮੁਸ਼ਾਫ਼ਦਾਰ' ਦੀ ਪਦਵੀ ਬਖ਼ਸ਼ ਦਿਤੀ ਤੇ ਅਮਾਰਤ ਦੀ ਸ਼ਾਹੀ ਪੁਸ਼ਾਕ ਬਖ਼ਸ਼ੀ। ਉਹਨੇ ਖ਼ੁਸਰੋ ਦੀ ੧੨੦੦ ਟੰਕੇ ਸਾਲਾਨਾ ਪੈਨਸ਼ਨ ਬੰਨ੍ਹ ਦਿਤੀ। ਖ਼ੁਸਰੋ ਨੂੰ ਇਕ ਵਾਰ ਮੁੜ ਆਪਣੀ ਕਾਵਿਕ ਪ੍ਰਤਿਭਾ ਨੂੰ ਪ੍ਰਫੁਲਤ ਕਰਨ ਲਈ ਪੂਰੀ ਤਰ੍ਹਾਂ ਖੁਲ੍ਹਾ-ਆਜ਼ਾਦ ਮਾਹੌਲ ਮਿਲ ਗਿਆ। ਹਰ ਨਿੱਕੇ-ਵੱਡੇ ਵਲੋਂ ਉਹਦੀ ਵਡਿਆਈ ਕੀਤੀ ਜਾਂਦੀ, ਇਸ ਲਈ ਉਹਦੀ ਪ੍ਰਤਿਭਾ ਹੋਰ ਵਧੇਰੇ ਨਿਖਰੀ ਤੇ ਪਰਫੁਲਤ ਹੋਈ। ਦਰਬਾਰੀ ਨਾਚੀਆਂ ਤੇ ਗਵੱਈਆਂ ਵਲੋਂ ਗਾਈਆਂ ਜਾਂਦੀਆਂ ਖ਼ੁਸਰੋ ਦੀਆਂ ਗ਼ਜ਼ਲਾਂ ਸਭ ਨੂੰ ਮੋਹ ਲੈਂਦੀਆਂ ਸਨ। "ਜਦੋਂ ਸਾਕੀ ਲਬਰੇਜ਼ ਪੈਮਾਨੇ ਪੇਸ਼ ਕਰਦੇ ਤੇ ਖ਼ੂਬਸੂਰਤ ਕਨੀਜ਼ਾਂ ਨੱਚਦੀਆਂ ਤੇ ਗੌਂਦੀਆਂ ਤਾਂ ਅਮੀਰ ਖ਼ੁਸਰੋ ਦੀਆਂ ਗ਼ਜ਼ਲਾਂ ਸੁਣਾਈਆਂ ਜਾਂਦੀਆਂ, ਤੇ ਉਸ ਮਹਿਫਲ ਵਿਚ, ਜਿਹੜੀ ਇਸ ਧਰਤੀ ਉੱਤੇ ਕਿਆਸਣੀ ਵੀ ਮੁਸ਼ਕਲ ਸੀ, ਨਿਰਜਿੰਦ ਲੋਕ ਵੀ

ਸੁਰਜੀਤ ਹੋ ਉਠਦੇ ਤੇ ਉਦਾਸੇ ਦਿਲ ਖਿੜ ਪੈਂਦੇ।"[1] ਇਹ ਸ਼ਬਦ ਇਕ ਪ੍ਰਸਿੱਧ ਸਮਕਾਲੀ ਇਤਿਹਾਸਕਾਰ, ਜ਼ਿਆਉੱਦੀਨ ਬਰਨੀ ਦੇ ਕਹੇ ਹੋਏ ਹਨ। ਖ਼ੁਸਰੋ ਆਪਣੇ ਜੀਵਨ ਦੀਆਂ ਅਠੱਤੀ ਬਹਾਰਾਂ ਵੇਖ ਚੁਕਾ ਸੀ, ਤੇ ਇਹ ਉਹ ਦਿਨ ਸਨ ਜਦੋਂ ਉਹਦਾ ਸਿਤਾਰਾ ਅਸਲੀ ਅਰਥਾਂ ਵਿਚ, ਬੁਲੰਦੀ ਤੇ ਸੀ।

ਜਿਵੇਂ ਕਿ ਦਸਿਆ ਜਾ ਚੁੱਕਾ ਹੈ ਕਿ ਜਲਾਲਉੱਦੀਨ ਖ਼ਿਲਜੀ ਮਿਲਾਪੜੇ ਸੁਭਾ ਵਾਲਾ ਤੇ ਖ਼ੁਸ਼ਦਿਲ ਬੰਦਾ ਸੀ। ਪਰ ਉਹਦੇ ਬਖ਼ਸ਼ਿੰਦ ਸੁਭਾ ਨੇ ਉਹਨੂੰ ਕੋਈ ਲਾਭ ਨਾ ਪੁਚਾਇਆ ਕੁਝ ਕੁ ਬੰਦੇ ਸਮੁੱਚਾ ਮਾਹੌਲ ਨਹੀਂ ਬਦਲ ਸਕਦੇ। ਬਾਦਸ਼ਾਹ ਦੇ ਖ਼ਿਲਾਫ਼ ਗੋਂਦਾਂ ਗੁੰਦੀਆਂ ਗਈਆਂ, ਬਾਦਸ਼ਾਹ ਨੇ ਸਾਜ਼ਸ਼ੀਆਂ ਨੂੰ ਫੇਰ ਵੀ ਮਾਫ਼ ਕਰ ਦਿਤਾ, ਪਰ ਉਹਨਾਂ ਆਪਣੇ ਆਪ ਨੂੰ ਸੁਧਾਰਨ ਦੀ ਥਾਂ ਆਪਣੀ ਜਾਨ ਬਖ਼ਸ਼ੀ ਦੇ ਨਵੇਂ ਮੌਕੇ ਦਾ ਪੂਰਾ ਲਾਭ ਉਠਾਇਆ। ਇਸ ਤਰ੍ਹਾਂ ਹਾਲਾਤ ਇਸ ਪੱਖੋਂ ਬਹੁਤ ਹੀ ਵਿਗੜ ਗਏ। ਏਥੋਂ ਤੱਕ ਕਿ ਉਹਦੇ ਸਾਕ-ਸਬੰਧੀਆਂ ਨੇ ਵੀ ਉਹਦੇ ਖ਼ਿਲਾਫ਼ ਸਾਜ਼ਸ਼ਾਂ ਕੀਤੀਆਂ। ਉਹਦਾ ਰਾਜ ਸਿਰਫ਼ ਛੇ ਸਾਲ ਰਿਹਾ ਤੇ ਅੰਤ ਨੂੰ ਉਹ ਆਪਣੇ ਹੀ ਭਤੀਜੇ ਤੇ ਜੁਆਈ ਦੇ ਹੱਥੋਂ ਧੋਖੇ ਨਾਲ ਮਾਰਿਆ ਗਿਆ। ਤੇ ਇਕ ਵਿਅੰਗਆਤਮਕ ਗੱਲ ਇਹ ਸੀ ਕਿ ਉਹ ਆਪਣੇ ਕਾਤਲ ਜੁਆਈ ਨਾਲ ਸਦਾ ਆਪਣੇ ਪੁੱਤਰਾਂ ਵਾਂਗ ਹੀ ਵਰਤਾਰਾ ਕਰਦਾ ਰਿਹਾ। ਅਲਾਉੱਦੀਨ ਖ਼ਿਲਜੀ ਨੇ ਜਿਸ ਨੂੰ ਉਹਨੇ ਅਵਧ ਤੇ ਕੱੜਾ ਦਾ ਪ੍ਰਬੰਧਕ ਥਾਪਿਆ ਹੋਇਆ ਸੀ, ਉਹਨੂੰ ਦੋ ਬਦਮਾਸ਼ਾਂ ਕੋਲੋਂ ਕਤਲ ਕਰਵਾ ਦਿਤਾ। ਜਲਾਲਉੱਦੀਨ ਦੇ ਰਾਜ਼ਦਾਰ ਅਹਿਮਦ ਚਾਪ ਨੂੰ ਇਸ ਚੰਦਰੀ ਗੋਂਦ ਦਾ ਪਤਾ ਲਗ ਗਿਆ ਤੇ ਉਹਨੇ ਬਾਦਸ਼ਾਹ ਨੂੰ ਸੁਚੇਤ ਕਰ ਦਿਤਾ ਸੀ, ਪਰ ਬਾਦਸ਼ਾਹ ਅਲਾਉੱਦੀਨ ਦਾ ਏਨਾ ਮੱਦਾਹ ਸੀ ਕਿ ਉਸ ਉਹਦੀ ਇਸ ਰਾਏ ਵਲ ਉੱਕਾ ਕੋਈ ਧਿਆਨ ਨਾ ਦਿਤਾ। ਜਲਾਲਉੱਦੀਨ ਕਤਲ ਹੋ ਗਿਆ ਤੇ ਅਲਾਉੱਦੀਨ, ਲੋਕਾਂ ਨੂੰ ਖ਼ੁਸ਼ ਕਰਨ ਲਈ ਪਤਵੰਤੇ ਲੋਕਾਂ ਤੇ ਉਮਰਾਵਾਂ ਦੀ, ਉਸ ਦੀ ਇਸ ਧੋਖੇਬਾਜ਼ ਕਰਤੂਤ ਦੇ ਵਿਰੁਧ ਉਠੀ, ਮੰਦ-ਇੱਛਾ ਨੂੰ ਦਬਾਣ ਲਈ, ਸੋਨੇ ਤੇ ਚਾਂਦੀ ਦੀ ਸੋਟ ਕਰਦਿਆਂ, ਜੇਤੂ ਬਣ ਕੇ, ਬਿਨਾਂ ਕਿਸੇ ਪ੍ਰਤੱਖ ਵਿਰੋਧਤਾ ਦੇ, ਦਿੱਲੀ ਵਿਚ ਆਣ ਵੜਿਆ।

---

1. ਡਾ: ਵਹੀਦ ਮਿਰਜ਼ਾ : 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

ਏਥੇ ਵੀ ਅਸੀਂ ਵੇਖਦੇ ਹਾਂ ਕਿ ਖ਼ੁਸਰੋ ਅਲਾਉੱਦੀਨ ਬਾਦਸ਼ਾਹ ਦੀ ਸਿਫ਼ਤ-ਸਲਾਹ ਗੌਂਦਾ ਹੈ, ਇਹ ਸਿਫ਼ਤ ਅਲਾਉੱਦੀਨ ਦੇ ਕਾਤਲ ਦੀ ਨਹੀਂ। ਉਹ ਆਪਣੇ ਸਰਪ੍ਰਸਤ ਦੇ ਬੇਰਹਿਮ ਕਤਲ ਬਾਰੇ ਸੋਗ ਮਨਾਂਦਾ ਨਹੀਂ ਜਾਪਦਾ। ਸ਼ਾਇਦ ਉਹਨੇ ਉਹੋ ਰਾਹ ਅਪਣਾਇਆ ਜੋ ਦਿੱਲੀ ਵਾਲਿਆਂ ਅਪਣਾਇਆ ਸੀ। ਇਕ ਮਥਨਵੀ ਵਿਚ, ਜਿਹੜੀ ਉਹਨੇ ਅਲਾਉੱਦੀਨ ਖ਼ਿਲਜੀ ਨੂੰ ਸੰਬੋਧਨ ਕਰ ਕੇ ਲਿਖੀ, ਉਸ ਬਾਦਸ਼ਾਹ ਦੀ ਸਿਫ਼ਤ-ਸਲਾਹ ਕਰਦਿਆਂ ਆਪਣੀ ਪਹਿਲੀ ਵਡਿਆਈ ਦੀ ਸੋਟ ਦਾ ਹਵਾਲਾ ਇਹਨਾਂ ਸ਼ਬਦਾਂ ਵਿਚ ਦਿੰਦਾ ਹੈ :

"ਕੀ ਮੈਂ. ਤੇਰੀ ਤਖ਼ਤ-ਨਸ਼ੀਨੀ ਦੇ ਅਜਿਹੇ ਸੁਭ-ਅਵਸਰ ਉਤੇ, ਕੁਦਰਤ ਵਾਂਗ ਆਪਣੇ ਸਾਗਰ ਵਿਚੋਂ ਮੋਤੀਆਂ ਦੀ ਵਰਖਾ ਕਰਨ ਵਾਲਾ ਪਹਿਲਾ ਬੰਦਾ ਨਹੀਂ ਸਾਂ ? ਮੇਰੇ ਉਹਨਾਂ ਖ਼ੁਸ਼ੀ-ਭਰੇ ਸ਼ਬਦਾਂ ਦਾ ਖ਼ਿਆਲ ਰਖੀਂ ਜਿਨ੍ਹਾਂ ਤੈਨੂੰ ਦਿੱਲੀ ਦਾ ਤਖ਼ਤ ਪੇਸ਼ ਕੀਤਾ ਏ।"

ਸਾਨੂੰ ਉਸ ਦੇ 'ਦੀਵਾਨ' ਵਿਚ, ਸੁਲਤਾਨ ਜਲਾਲਉੱਦੀਨ ਖ਼ਿਲਜੀ ਨੂੰ ਸੰਬੋਧਨ ਕਰ ਕੇ ਲਿਖੇ ਕਸੀਦੇ ਮਿਲਦੇ ਹਨ। ਇਕ ਕਸੀਦੇ ਵਿਚ ਉਹ ਕਹਿੰਦਾ ਹੈ :

"ਸੁਲਤਾਨ ਜਲਾਲਉੱਦੀਨ ਉਹ ਬਾਦਸ਼ਾਹ ਹੈ ਜਿਸ ਨੂੰ, ਉਸ ਦੀ ਤਖ਼ਤ-ਨਸ਼ੀਨੀ ਸਮੇਂ ਅਸਮਾਨ ਨੇ ਆਪਣੇ ਸੱਤਾਂ ਡੰਡਿਆਂ ਦੀ ਪੌੜੀ ਪੇਸ਼ ਕੀਤੀ ਹੈ। ਫ਼ੀਰੋਜ਼ਸ਼ਾਹ ਉਹ ਇਨਸਾਨ ਹੈ ਜਿਸ ਦਾ ਭਲਾ ਤੇ ਉੱਚਾ ਨਾਂ ਪੂਰਬ ਤੋਂ ਪੱਛਮ ਤਕ ਅਮਨ ਦੀ ਜ਼ਾਮਨੀ ਭਰਦਾ ਹੈ। ਜਦੋਂ ਉਹਦੀ ਫ਼ੌਜ ਦੀ ਉਡਾਈ ਧੂੜ ਅਸਮਾਨ ਤੇ ਪੁਜਦੀ ਹੈ, ਤਾਂ ਚੰਦਰਮਾ ਉਸ ਦੇ ਸਾਹਮਣੇ ਆ ਕੇ ਫ਼ਰਸ਼ੀ ਸਲਾਮ ਕਰਦਾ ਹੈ......।"

ਸੁਲਤਾਨ ਜਲਾਲਉੱਦੀਨ ਖ਼ਿਲਜੀ ਦੇ ਧੋਖੇ ਨਾਲ ਕੀਤੇ ਕਤਲ ਪਿਛੋਂ, ਸੁਲਤਾਨ ਅਲਾਉੱਦੀਨ ਖ਼ਿਲਜੀ ਨਿਰ-ਵਿਰੋਧ ਹਿੰਦੁਸਤਾਨ ਦਾ ਹੁਕਮਰਾਨ ਬਣ ਗਿਆ ਤੇ ਉਹਨੇ ਆਪਣੀ ਹਕੂਮਤ ਦੇ ਮੁੱਢਲੇ ਵਰ੍ਹੇ ਆਪਣੇ ਰਾਜ ਦੇ ਵਿਸਥਾਰ ਲਈ ਤੇ ਅਜੇ ਤੱਕ ਅਣਜਿੱਤੀਆਂ ਰਿਆਸਤਾਂ ਨੂੰ ਜਿੱਤਣ ਤੇ ਲਾਏ। ਜਿੱਤਾਂ ਦਾ ਇਹ ਭੂਤ ਉਸ ਦੇ ਸਿਰ ਤੇ ਇੰਜ ਸਵਾਰ ਹੋ ਗਿਆ ਕਿ ਉਹਨੇ ਮਹਾਨ ਸਿਕੰਦਰ ਵਾਂਗ ਸਾਰੀ ਦੀ ਸਾਰੀ ਧਰਤੀ ਨੂੰ ਆਪਣੀ ਸ਼ਹਿਨਸ਼ਾਹੀਅਤ ਦੇ

ਅਧੀਨ ਕਰਨ ਦਾ ਇਰਾਦਾ ਬਣਾ ਲਿਆ। ਅਜਿਹੇ ਖ਼ਿਆਲੀ ਤੇ ਹਵਾਈ ਕਿਲ੍ਹੇ ਬਣਾਉਣ ਦਾ ਜੋ ਹਸ਼ਰ ਹੁੰਦਾ ਹੈ ਉਹ ਸਭ ਨੂੰ ਪਤਾ ਹੀ ਹੈ। ਜਦੋਂ ਤਕ ਉਹਦਾ ਮਨ ਇਸ ਇੱਛਾ ਪੂਰਤੀ ਦੇ ਪਿਛੇ ਪਿਆ ਰਿਹਾ ਉਦੋਂ ਤਕ ਉਹਦੀ ਆਪਣੀ ਸਲਤਨਤ ਦੇ ਅੰਦਰ ਹਾਲਾਤ, ਬੇਕਾਬੂ ਹੋ ਕੇ ਵਿਗੜਦੇ ਚਲੇ ਗਏ। ਇਹਨਾਂ ਦੁਖਦਾਈ ਹਾਲਾਤ ਬਾਰੇ, ਬਾਦਸ਼ਾਹ ਨੂੰ ਉਭਾਸਰ ਕੇ ਸਲਾਹ ਦੇਣ ਦਾ ਕਿਸੇ ਨੂੰ ਹੌਸਲਾ ਨਹੀ ਸੀ ਪੈਂਦਾ। ਸਮਕਾਲੀ ਇਤਿਹਾਸਕਾਰ ਮੌਲਾਣਾ ਜ਼ਿਆਉੱਦੀਨ ਬਰਨੀ ਨੇ ਇਸ ਬਾਰੇ ਜੋ ਲਿਖਿਆ ਹੈ ਉਹ ਵਰਨਣ ਯੋਗ ਹੈ :

> "ਆਪਣੇ ਰਾਜ ਦੇ ਤੀਜੇ ਵਰ੍ਹੇ ਅਲਾਉੱਦੀਨ ਨੂੰ ਆਪਣੀਆਂ ਰੰਗ-ਰਲੀਆਂ ਮਨਾਣ, ਦਾਅਵਤਾਂ ਦੇਣ ਤੇ ਮੇਲੇ-ਮੁਸਾਹਬੇ ਲਾਣ ਤੋਂ ਬਿਨਾਂ ਹੋਰ ਕਿਸੇ ਕੰਮ ਦੀ ਉੱਕਾ ਸੋਚ ਨਹੀਂ ਸੀ ਫੁਰਦੀ... ...ਚਾਰੇ ਪਾਸਿਉਂ ਜਿੱਤਾਂ ਦੀਆਂ ਖ਼ਬਰਾਂ ਆ ਰਹੀਆਂ ਸਨ; ਹਰ ਵਰ੍ਹੇ ਉਹਦੇ ਦੋ ਜਾਂ ਤਿੰਨ ਪੁੱਤਰ ਪੈਦਾ ਹੋ ਜਾਂਦੇ ਸਨ; ਹਾਲਾਤ ਉਹਦੀ ਸੰਤੁਸ਼ਟੀ ਮੁਤਾਬਿਕ ਵਾਪਰ ਰਹੇ ਸਨ, ਉਹਦਾ ਖ਼ਜ਼ਾਨਾ ਭਰਪੂਰ ਹੁੰਦਾ ਜਾਂਦਾ ਸੀ, ਹੀਰੇ ਤੇ ਮੋਤੀਆਂ ਦੀਆਂ ਭਰੀਆਂ ਛਿੱਕੂ-ਪਟਾਰੀਆਂ ਨਿਤ ਉਹਨੂੰ ਵਿਖਾਣ ਲਈ ਉਹਦੇ ਸਾਹਮਣੇ ਲਿਆਂਦੀਆ ਜਾਂਦੀਆਂ ਸਨ, ਉਸ ਦੇ ਤਬੇਲਿਆਂ ਵਿਚ ਅਣਗਿਣਤ ਹਾਥੀ ਤੇ ਸ਼ਹਿਰ ਦੇ ਆਲੇ ਦੁਆਲੇ ਦੀਆ ਬਸਤੀਆਂ ਵਿਚ ਸੱਤਰ ਹਜ਼ਾਰ ਘੋੜੇ ਸਨ......ਇਸ ਸਾਰੀ ਮਿਲਖ ਨੇ ਉਹਨੂੰ ਨਸ਼ੇ ਵਿਚ ਗੜੂੰਦ ਕਰ ਛਡਿਆ ਸੀ। ਉਹ ਵਿਸ਼ਾਲ ਇੱਛਾਵਾਂ ਤੇ ਮਹਾਨ ਨਿਸ਼ਾਨੇ ਉਹਦੇ ਸਾਹਮਣੇ ਲਿਸ਼ਕਦੇ ਜਿਹੜੇ ਉਹਦੀ ਪਹੁੰਚ ਤੋਂ ਬਾਹਰ ਸਨ......ਇਹਨਾਂ ਨੇ ਉਹਦਾ ਦਿਮਾਗ ਈ ਫੇਰ ਦਿਤਾ, ਤੇ ਉਹ ਅਜਿਹੇ ਖ਼ਿਆਲੀ-ਕਿਲ੍ਹੇ ਉਸਾਰਨ ਲੱਗ ਪਿਆ ਜੋ ਉਹਦੇ ਵੇਂਹਦਿਆਂ ਕਦੇ ਕਿਸੇ ਬਾਦਸ਼ਾਹ ਨੇ ਉਸਾਰ ਕੇ ਸਿਰੇ ਨਹੀਂ ਸਨ ਚੜ੍ਹਾਏ। ਆਪਣੇ ਖ਼ਿਆਲੀ-ਪਲਾਵਾਂ, ਅਣਜਾਣਪੁਣੇ ਤੇ ਮੂਰਖਤਾ ਵਿਚ ਉਹਦੇ ਦਿਮਾਗ਼ ਦਾ ਤਵਾਜ਼ਨ ਪੂਰੀ ਤਰ੍ਹਾਂ ਹਿਲ ਗਿਆ ਤੇ ਉਸ ਉੱਕਾ ਅਸੰਭਵ ਵਿਉਂਤਾਂ ਬਣਾਈਆਂ ਤੇ ਵਡੀਆਂ ਤੋਂ ਵਡੀਆਂ ਖ਼ਾਹਿਸ਼ਾਂ ਦੀ ਲਾਲਸਾ ਕਰਨ ਲਗ ਪਿਆ। ਉਹ ਪੜ੍ਹਿਆ ਲਿਖਿਆ ਬੰਦਾ ਨਹੀਂ ਸੀ ਤੇ ਨਾ ਹੀ ਉਹ ਕਦੇ ਵਿਦਵਾਨ ਬੰਦਿਆਂ ਦੀ ਸੰਗਤ ਵਿਚ ਰਿਹਾ ਸੀ। ਉਹ ਇਕ ਚਿੱਠੀ ਵੀ ਪੜ੍ਹ ਜਾਂ

ਲਿਖ ਨਹੀਂ ਸੀ ਸਕਦਾ। ਉਹ ਭੈੜੇ ਸੁਭਾ ਵਾਲਾ, ਜ਼ਿੱਦੀ ਤੇ ਸਖ਼ਤ-ਦਿਲ ਇਨਸਾਨ ਸੀ; ਪਰ ਦੁਨੀਆਂ ਉਸ ਉਤੇ ਖ਼ੁਸ਼ ਸੀ, ਕਿਸਮਤ ਦੀ ਉਸ ਤੇ ਮਿਹਰ ਸੀ, ਤੇ ਉਹਦੀਆਂ ਵਿਉਂਤਾਂ ਆਮ ਤੌਰ ਤੇ ਕਾਮਯਾਬ ਹੁੰਦੀਆਂ ਸਨ, ਤੇ ਇਸੇ ਸਦਕਾ ਉਹ ਸਗੋਂ ਹੋਰ ਵਧੇਰੇ ਬੇਪਰਵਾਹ ਤੇ ਅਭਿਮਾਨੀ ਹੁੰਦਾ ਜਾਂਦਾ ਸੀ। ਉਹ ਨਿਵਾਜੇ ਪੈਗੰਬਰ ਦੀ ਨਕਲ ਕਰਨ ਦੇ ਸੁਪਨੇ ਲੈਣ ਲਗ ਪਿਆ ਸੀ ਤੇ ਉਹਨੇ ਇਕ ਨਵੇਂ ਮਜ਼ਹਬ ਦੀ ਨੀਂਹ ਰਖਣੀ ਸ਼ੁਰੂ ਕਰ ਦਿਤੀ ਸੀ, ਤੇ ਉਹ ਇਹ ਗੱਲ ਗਹੁ ਨਾਲ ਵਿਚਾਰਨ ਲਗ ਪਿਆ ਸੀ ਕਿ ਦਿੱਲੀ ਵਿਚ ਆਪਣਾ ਇਕ ਕਾਇਮ-ਮੁਕਾਮ ਨੀਯਤ ਕਰ ਕੇ (ਉਹਨੇ ਆਪਣੀਆਂ ਅਕਸਰ ਹੁੰਦੀਆਂ ਮਹਿਫ਼ਲਾਂ ਵਿਚੋਂ ਇਕ ਵਿਚ ਪੀਂਦਿਆਂ ਹੋਇਆਂ ਇਹ ਕਿਹਾ ਸੀ) "ਮੈਂ ਸਿਕੰਦਰ ਵਾਂਗ, ਜਿੱਤ ਦੀ ਭਾਲ ਵਿਚ ਉਠ ਕੇ ਅੱਗੇ ਵਧਾਂਗਾ ਤੇ ਦੁਨੀਆਂ ਨੂੰ ਫ਼ਤਹਿ ਕਰਾਂਗਾ।" ਉਸ ਜੁੱਮੇ ਦੀਆਂ ਨਮਾਜ਼ਾਂ ਵਿਚ ਆਪਣੇ ਇਸ ਖ਼ਿਤਾਬ ਦਾ ਐਲਾਨ ਕਰ ਦਿਤਾ ਤੇ ਸਿੱਕਿਆਂ ਤੇ ਕੁਤਬਿਆਂ ਉਤੇ 'ਸਿਕੰਦਰ ਦੂਜਾ' ਖੁਣਵਾ ਦਿਤਾ।"

ਇਹ ਵਿਉਂਤ ਭਾਵੇਂ ਦੂਜਿਆਂ ਨੂੰ ਤਾਂ ਅਤਿ ਲਾਲਸਾ ਵਾਲੀ ਤੇ ਮੂਰਖਤਾ-ਭਰੀ ਲੱਗਦੀ ਸੀ, ਪਰ ਅਲਾਉੱਦੀਨ ਆਪਣਾ ਭਵਿੱਖ ਇਸ ਵਿਉਂਤ ਨਾਲ ਆਰੰਭ ਕਰਨਾ ਚਾਹੁੰਦਾ ਸੀ, ਤਾਂ ਜੋ ਦੁਨੀਆਂ ਉਹਦੇ ਪਿਛੋਂ ਉਹਨੂੰ ਸੰਸਾਰ-ਜੇਤੂ ਵਜੋਂ ਯਾਦ ਕਰਿਆ ਕਰੇ। ਅਜਿਹੀ ਵਿਉਂਤ ਦੀ ਅਸਫ਼ਲਤਾ ਸਾਫ਼ ਪਈ ਦਿਸਦੀ ਸੀ। ਪਰ ਦੁਨੀਆਂ ਵਿਚ ਚੰਗੇ ਬੰਦਿਆਂ ਦੀ ਵੀ ਕਦੇ ਘਾਟ ਨਹੀਂ ਰਹੀ ਤੇ ਕਈ ਵਾਰ ਭੈੜੇ ਬੰਦੇ ਵੀ ਇਕੋ ਮਾਮੂਲੀ ਸੱਟ ਵੱਜਣ ਨਾਲ ਰਾਤੋ-ਰਾਤ ਚੰਗੇ ਬਣ ਜਾਂਦੇ ਹਨ ਤੇ ਇਤਿਹਾਸ ਦੀ ਧਾਰਾ ਹੀ ਬਦਲ ਦਿੰਦੇ ਹਨ। ਉਹਦੇ ਮਨ ਵਿਚ ਚੰਗੇਰੀ ਮੱਤ ਜਚ ਗਈ ਤੇ ਡਿਕਟੇਟਰ ਤੇ ਆਪਣੇ ਵਹਿਮਾਂ ਭਰਮਾਂ ਦੇ ਗ਼ੁਲਾਮ ਅਲਾਉੱਦੀਨ ਨੇ, ਇਕ ਵਿਦਵਾਨ ਬੰਦੇ ਦੀ ਰਾਏ ਸਦਕਾ ਆਪਣੇ ਇਰਾਦੇ ਹੀ ਬਦਲ ਲਏ। ਇਸ ਸਿਆਣੇ ਨੇ ਉਹਨੂੰ ਸਲਾਹ ਦਿਤੀ ਕਿ ਉਹ ਦੁਨੀਆਂ ਨੂੰ ਜਿੱਤਣ ਦੀ ਲਾਲਸਾ ਵਿਚ ਪੈ ਕੇ ਆਪਣੀ ਸ਼ਕਤੀ ਅਜਾਈਂ ਗੁਆਉਣ ਨਾਲੋਂ ਆਪਣੇ ਦੇਸ ਦੇ ਅੰਦਰਲੇ ਘਰੇਲੂ ਮਾਮਲਿਆਂ ਨੂੰ ਸੰਭਾਲੇ ; ਮੰਗੋਲਾਂ ਦੇ ਵਿਰੁਧ ਲਾਮਬੰਦੀ ਕਰਨ ਲਈ "ਮੁਲਤਾਨ ਦਾ ਰਾਹ ਨੇੜੇ ਕਰੇ" ; ਤੇ ਸ਼ਰਾਬ ਤੇ ਐਸ਼ੋ-ਇਸ਼ਰਤ ਛੱਡ ਦੇਵੇ। ਦਾਨੇ ਦੀ

ਇਸ ਰਾਏ ਨੇ ਬਾਦਸ਼ਾਹ ਉਤੇ ਚੰਗਾ ਅਸਰ ਪਾਇਆ ਤੇ ਉਹ ਤਨੋਂ ਮਨੋਂ ਆਪਣੇ ਲੋਕਾਂ ਦੀ ਸਮਾਜਕ, ਸਭਿਆਚਾਰਕ ਤੇ ਮਾਲੀ ਹਾਲਤ ਨੂੰ ਸੁਧਾਰਨ ਲਈ ਜੁੱਟ ਪਿਆ। ਉਹਨੇ ਬਗ਼ਾਵਤਾਂ ਪੂਰੇ ਤਾਣ ਨਾਲ ਦਬਾਅ ਦਿਤੀਆਂ ਤੇ ਬਦਕਾਰਾਂ ਨੂੰ ਬੁਰੀ ਤਰ੍ਹਾਂ ਸਜ਼ਾ ਦਿਤੀ। ਸ਼ਰਾਬ ਉਤੇ ਬੰਦਸ਼ ਲਾ ਦਿਤੀ ਗਈ ਤੇ ਸ਼ਰਾਬ ਦੇ ਦੌਰ ਤੇ ਮਹਿਫ਼ਲਾਂ ਗ਼ੈਰ-ਕਾਨੂੰਨੀ ਕਰਾਰ ਦੇ ਦਿਤੀਆਂ ਗਈਆਂ। ਬਾਦਸ਼ਾਹ ਨੇ ਸੋਚਿਆ ਕਿ ਅਰੋਕ ਵਧਦੀ ਅਮੀਰੀ ਤੇ ਅੰਨ੍ਹਾ ਧਨ-ਦੌਲਤ ਹੀ ਅਸਲ ਵਿਚ ਸਾਰੀਆਂ ਝਲ੍ਹਾਂ ਦਾ ਮੂਲ ਹੈ। ਬਰਨੀ ਸਾਨੂੰ ਦਸਦਾ ਹੈ :

"ਸੁਲਤਾਨ ਨੇ ਹੁਕਮ ਕਰ ਦਿਤਾ ਕਿ ਜਿਥੇ ਵੀ ਕਿਧਰੇ ਕੋਈ ਪਿੰਡ ਮਿਲਖ ਦੇ ਰੂਪ ਵਿਚ ਕਿਸੇ ਨੂੰ ਇਨਾਮ ਵਜੋਂ ਮਿਲਿਆ ਹੋਇਆ ਸੀ ਜਾਂ ਕੋਈ ਜਾਇਦਾਦ ਧਰਮਾਂ ਦੇ ਖ਼ਾਤੇ (ਵਕਫ਼) ਵਜੋਂ ਕਿਸੇ ਕੋਲ ਹੈ ਸੀ, ਇਹ ਤੁਰਤ ਹੁਕਮ ਕਰ ਕੇ ਸ਼ਾਹੀ ਖ਼ਜ਼ਾਨੇ ਦੇ ਅਧੀਨ ਕੀਤੀ ਜਾਏ। ਲੋਕਾਂ ਉਤੇ ਪੂਰੀ ਤਰ੍ਹਾਂ ਦਬਾਅ ਪਾ ਕੇ ਧਨ-ਦੌਲਤ ਹਰੇਕ ਢੰਗ ਨਾਲ ਕਢਾ ਕੇ ਕਾਬੂ ਕੀਤਾ ਗਿਆ। ਕਿੰਨੇ ਹੀ ਲੋਕਾਂ ਕੋਲ ਖੋਟਾ ਪੈਸਾ ਵੀ ਨਾ ਰਹਿਣ ਦਿਤਾ ਗਿਆ। ਇਹ ਕਾਰਵਾਈ ਇਥੋਂ ਤਕ ਵਧਾਈ ਗਈ ਕਿ ਮਲਕਾਂ, ਅਮੀਰਾਂ, ਅਹਿਲਕਾਰਾਂ ਤੇ ਮੁਲਤਾਨੀਆਂ (ਮੁਲਤਾਨ ਦੇ ਵਡੇ ਵਪਾਰੀ) ਤੇ ਦੌਲਤਮੰਦ ਲੋਕਾਂ ਨੂੰ ਛੱਡ ਕੇ ਕਿਸੇ ਕੋਲ ਵੀ ਨਕਦ ਪੈਸਾ ਨਾ ਰਿਹਾ। ਏਸ ਤਕੜਾਈ ਨਾਲ ਧਨ ਲੋਕਾਂ ਕੋਲੋਂ ਖੋਹਿਆ ਗਿਆ ਕਿ ਕੁਝ ਕੁ ਹਜ਼ਾਰ ਟਾਂਕ ਤਕ ਛੱਡ ਕੇ ਬਾਕੀ ਦੀਆਂ ਸਾਰੀਆਂ ਪੈਨਸ਼ਨਾਂ ਜ਼ਮੀਨ ਤੇ ਧਰਮ-ਖਾਤੇ ਦੇ ਰੂਪ ਵਿਚ ਦਿਤੀਆਂ ਸਾਰੀਆਂ ਮਿਲਖ਼ਾਂ ਜ਼ਬਤ ਕਰ ਲਈਆਂ ਗਈਆਂ। ਲੋਕ ਆਪਣੇ ਗੁਜ਼ਾਰੇ ਲਈ ਹੀ ਭੱਜ ਨੱਸ ਕਰਨ ਲਈ ਏਨੇ ਰੁਝ ਗਏ ਸਨ ਕਿ ਬਗ਼ਾਵਤ ਦਾ ਕਿਧਰੇ ਨਾਂ ਨਹੀਂ ਸੀ ਸੁਣੀਂਦਾ।"

ਇੰਜ ਅਲਾਉੱਦੀਨ ਨੇ ਇਕ ਅਖ਼ਲਾਕੀ ਮਾਹੌਲ ਪੈਦਾ ਕਰ ਲਿਆ ਤੇ ਭੈੜ ਦੀ ਜੜ੍ਹ ਹੀ ਪੁੱਟ ਦਿਤੀ ਅਤੇ ਆਪਣੀ ਸਾਰੀ ਸਲਤਨਤ ਵਿਚ ਅਮਨ ਕਾਨੂੰਨ ਪੂਰੀ ਤਰ੍ਹਾਂ ਬਹਾਲ ਕਰ ਕੇ ਹਕੂਮਤ ਨੂੰ ਪੱਕੇ-ਪੈਰੀਂ ਖੜਾ ਕਰ ਲਿਆ। ਅੱਜ ਭਾਵੇਂ ਇਤਿਹਾਸ ਦੇ ਇਕ ਵਿਦਿਆਰਥੀ ਨੂੰ ਇਹ ਢੰਗ ਉੱਕਾ ਅਣ-

ਮਨੁੱਖੀ ਲੱਗਣ ਤੇ ਉਹ ਅਲਾਉ-ੱਦੀਨ ਨੂੰ ਏਨਾ ਹੀ ਕਹਿ ਕੇ ਬੇਧਿਆਨ ਕਰ ਛੱਡੇ ਕਿ ਉਹ ਇਕ ਜ਼ਾਲਮ ਹੁਕਮਰਾਨ ਸੀ, ਤੇ ਲਿਖਤੀ ਵਿਧਾਨ ਦੀ ਅਣਹੋਂਦ ਦੀ ਹਾਲਤ ਵਿਚ ਉਹਦਾ ਹਰ ਬੋਲ ਹੀ ਕਾਨੂੰਨ ਹੁੰਦਾ ਸੀ। ਪਰ ਜਦੋਂ ਉਸ ਸਮੇਂ ਨੂੰ ਧਿਆਨ ਵਿਚ ਰਖਦਿਆਂ ਸਾਰੇ ਹਾਲਾਤ ਨੂੰ ਬੜੀ ਬਾਰੀਕੀ ਨਾਲ ਅੰਗਿਆ ਤੇ ਨਿਖੇੜਾ ਕਰ ਕੇ ਵੇਖਿਆ ਜਾਏ, ਤਾਂ ਅਲਾਉ-ੱਦੀਨ ਠੀਕ ਜਾਪਦਾ ਹੈ। ਉਸ ਨੇ ਜਾਸੂਸੀ ਦਾ ਅਜਿਹਾ ਪ੍ਰਬੰਧ ਕੀਤਾ ਹੋਇਆ ਸੀ ਕਿ ਉਹਨੂੰ ਹਰ ਤਰ੍ਹਾਂ ਦੀ ਨਿੱਕੀ-ਮੋਟੀ ਖ਼ਬਰ ਵੀ ਪਹੁੰਚਦੀ ਰਹਿੰਦੀ ਸੀ। ਸਾਨੂੰ ਇਤਿਹਾਸਕਾਰ ਦਸਦੇ ਹਨ ਕਿ ਲੋਕ ਡਰ ਦੇ ਮਾਰੇ ਇਸ਼ਾਰਿਆਂ ਨਾਲ ਗੱਲਾਂ ਕਰਦੇ ਹੁੰਦੇ ਸਨ। ਦੇਸ ਦੀ ਮਾਲੀ ਹਾਲਤ ਨੂੰ ਸੋਧਣ ਲਈ ਜੋ ਢੰਗ ਅਲਾਉ-ੱਦੀਨ ਨੇ ਅਪਣਾਇਆ। ਉਹ ਸਿਰਫ਼ ਉਸੇ ਦੀ ਹੀ ਕਰਾਮਾਤ ਹੈ। ਵਡੇ ਤੇ ਛੋਟੇ ਵਪਾਰੀ ਤੇ ਸਾਧਾਰਨ ਦੁਕਾਨਦਾਰ ਏਨੇ ਡਰੇ ਹੋਏ ਸਨ ਕਿ ਉਹ ਕਾਨੂੰਨ ਅਨੁਸਾਰ ਨੀਅਤ ਕੀਤੇ ਤੋਲ ਨਾਲੋਂ ਘਟ ਤੋਲਣ ਦਾ ਸੁਪਨਾ ਵੀ ਨਹੀਂ ਸਨ ਲੈ ਸਕਦੇ। ਹਰ ਸ਼ੈ, ਤੇ ਹਰ ਵਰਤੋਂ ਦੀ ਚੀਜ਼ ਦੀਆਂ ਕੀਮਤਾਂ ਨੀਅਤ ਕਰ ਦਿਤੀਆਂ ਗਈਆਂ ਸਨ — ਏਥੋਂ ਤਕ ਕਿ ਗ਼ੁਲਾਮਾਂ, ਰਖੈਲਾਂ ਤੇ ਗੋਲੀਆਂ ਦੀਆਂ ਕੀਮਤਾਂ ਵੀ ਨੀਅਤ ਸਨ। ਸੁਲਤਾਨ ਐਬੀਆਂ ਤੇ ਗ਼ਲਤ ਕੰਮ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਸੋਧਣ ਵਿਚ ਰਤੀ ਭਰ ਕੋਈ ਝਿਜਕ ਨਹੀਂ ਸੀ ਕਰਦਾ, ਤੇ ਨਾ ਕੋਈ ਤਰਸ ਖਾਂਦਾ ਸੀ। ਜਦੋਂ ਤਕ ਉਹ ਜੀਉਂਦਾ ਰਿਹਾ, ਇਹ ਸਭ ਸੁਧਾਰਕ ਤੇ ਚਾਰਾਸਾਜ਼ੀ ਵਾਲੇ ਢੰਗ-ਤਰੀਕੇ ਪੂਰੀ ਤਰ੍ਹਾਂ ਲਾਗੂ ਕੀਤੇ ਜਾਂਦੇ ਰਹੇ।

ਇਹਨਾਂ ਗੱਲਾਂ ਤੋਂ ਇਹ ਬਿਲਕੁਲ ਪ੍ਰਤੱਖ ਹੋ ਜਾਂਦਾ ਹੈ ਕਿ ਅਲਾਉ-ੱਦੀਨ ਕਲਾਕਾਰਾਂ, ਕਵੀਆਂ, ਲੇਖਕਾਂ ਤੇ ਵਿਦਵਾਨਾਂ ਨੂੰ ਉਤਸਾਹਤ ਨਹੀਂ ਸੀ ਕਰਦਾ। ਬਾਈਆਨਾਂ ਦੇ ਉਸ ਕਾਜ਼ੀ ਨਾਲ ਗੱਲਾਂ ਕਰਦਿਆਂ, ਜਿਸ ਨੂੰ ਉਹਨੇ ਆਪਣੀ ਹਕੂਮਤ ਦੇ ਪ੍ਰਬੰਧ ਬਾਰੇ ਰਾਏ ਲੈਣ ਲਈ ਸੱਦਿਆ ਸੀ, ਅਲਾਉ-ੱਦੀਨ ਆਪ ਇਹ ਗੱਲ ਮੰਨਦਾ ਹੈ, "ਓ ਹਕੀਮਾ ! ਤੂੰ ਇਕ ਵਿਦਵਾਨ ਬੰਦਾ ਹੈਂ, ਪਰ ਤੈਨੂੰ ਦੁਨੀਆਂ ਦਾ ਕੋਈ ਥਹੁ-ਪਤਾ ਨਹੀਂ। ਮੈਂ ਬਿਲਕੁਲ ਅਣਪੜ੍ਹ ਬੰਦਾ ਹਾਂ, ਪਰ ਮੈਂ ਬਹੁਤ ਕੁਝ ਵੇਖ-ਚਾਖ ਲਿਆ ਹੋਇਆ ਹੈ।" ਮੌਲਾਨਾ ਜ਼ਿਆਉ-ੱਦੀਨ ਬਰਨੀ ਨੇ ਉਹਦੇ ਰਾਜ ਦੇ ਦਸ ਅਜੂਬਿਆਂ ਦਾ ਜ਼ਿਕਰ ਕੀਤਾ ਹੈ, ਤੇ ਅੰਤਲਾ

ਅਜੂਬਾ, ਜਿਸ ਨੂੰ ਉਹ "ਅਜੂਬਿਆਂ ਦਾ ਅਜੂਬਾ" ਕਹਿੰਦਾ ਹੈ, ਉਹਨੇ ਇਹ ਦਸਿਆ ਹੈ ਕਿ ਉਹ ਭਾਵੇਂ ਅਜਿਹੇ ਲੋਕਾਂ ਵਲ ਕਿੰਨਾ ਵੀ ਬੇਧਿਆਨ ਰਿਹਾ ਹੋਵੇ, ਪਰ ਉਹਦੇ ਦਰਬਾਰ ਵਿਚ ਵਿਦਵਾਨਾਂ, ਫ਼ਕੀਰਾਂ, ਕਵੀਆਂ, ਗਵੱਈਆਂ ਤੇ ਅਨੇਕ ਪ੍ਰਕਾਰ ਦੀ ਕਲਾ ਵਿਚ ਨਿਪੁੰਨ ਲੋਕਾਂ ਦਾ, ਇਕੱਠ ਰਹਿੰਦਾ ਸੀ। ਜਦੋਂ ਅਸੀਂ ਇਹਨਾਂ ਕਵੀਆਂ ਤੇ ਵਿਦਵਾਨਾਂ ਦੀ ਲੰਮੀ ਸੂਚੀ ਵਲ ਨਿਗਾਹ ਮਾਰਦੇ ਹਾਂ, ਤਾਂ ਸਾਨੂੰ ਆਪਣੇ ਕਵੀ ਅਮੀਰ ਖ਼ੁਸਰੋ ਦਾ ਨਾਂ, ਉਹਦੇ ਮਿੱਤਰ ਹਸਨ ਮਿਜਜ਼ੀ ਸਮੇਤ, ਇਸ ਸੂਚੀ ਵਿਚ ਸਭ ਤੋਂ ਪਹਿਲਾਂ ਦਿਸਦਾ ਹੈ। ਹੋਰ ਨਾਂ ਹਨ : ਸਦਰਉੱਦੀਨ, ਅਲੀ, ਫ਼ਖ਼ਰਉੱਦੀਨ ਕਵਾਸ, ਹਮੀਦਉੱਦੀਨ, ਰਾਜਾ, ਮੌਲਾਨਾ ਆਰਫ਼ ਅਬਦੁੱਲ ਹਕੀਮ ਅਤੇ ਸ਼ਹਾਬਉੱਦੀਨ। ਖ਼ੁਸਰੋ, ਅਲਾਉੱਦੀਨ ਖਿਲਜੀ ਦੀ ਸੇਵਾ ਵਿਚ ਹਾਜ਼ਰ ਆ ਹੋਇਆ ਸੀ ਤੇ ਪੈਨਸ਼ਨ ਵਜੋਂ ਇਕ ਹਜ਼ਾਰ ਸਾਲਾਨਾ ਵਸੂਲ ਕਰਦਾ ਹੁੰਦਾ ਸੀ। ਅਲਾਉੱਦੀਨ ਉਸ ਨੂੰ ਕਵੀ ਦੇ ਤੌਰ ਤੇ ਪਰਵਾਨ ਕਰਦਾ ਸੀ, ਪਰ ਜਿਹੜੀ ਉੱਚ ਪਦਵੀ ਉਹਨੂੰ ਪਹਿਲਾਂ ਮਿਲੀ ਰਹੀ ਸੀ, ਉਸ ਤੋਂ ਤਕਰੀਬਨ ਉਹਨੂੰ ਵਾਂਝਿਆਂ ਹੀ ਰਖਿਆ ਗਿਆ। ਪਰ ਤਦ ਵੀ ਅਸੀਂ ਵੇਖਦੇ ਹਾਂ ਕਿ ਅਲਾਉੱਦੀਨ ਦਾ ਇੱਕੀ ਵਰ੍ਹਿਆਂ ਦਾ ਰਾਜ, ਖ਼ੁਸਰੋ ਦੀ ਕਲਾ-ਪ੍ਰਤਿਭਾ ਲਈ ਬਹੁਤ ਰਚਨਾਤਮਕ ਸਮਾਂ ਸਾਬਤ ਹੋਇਆ। ਉਸੇ ਦੇ ਰਾਜ ਦੇ ਦੌਰਾਨ ਹੀ ਉਹਨੇ, ਆਪਣੀ ਮੌਲਾਨਾ ਨਿਜ਼ਾਮੀ ਗੰਜਵੀ ਦੀ 'ਖ਼ਮਸਾ' ਦੇ ਆਧਾਰ ਤੇ ਲਿਖੀ ਪੁਸਤਕ 'ਪੰਜ ਗੰਜ,' ਮੁਕੰਮਲ ਕੀਤੀ। 'ਖ਼ਜ਼ਾਇਨ-ਉੱਲ-ਫ਼ਤਹ' ਵਿਚ ਉਹਨੇ ਅਲਾਉੱਦੀਨ ਖ਼ਿਲਜੀ ਦੀਆਂ ਮੁਹਿੰਮਾਂ ਤੇ ਜਿੱਤਾਂ ਨੂੰ ਸੰਖੇਪ ਰੂਪ ਵਿਚ ਕਲਮਬੰਦ ਕੀਤਾ। ਭਾਵੇਂ ਇਸ ਇਤਿਹਾਸਕ ਵੇਰਵਿਆਂ ਤੇ ਲਿਖਤਾਂ ਤੋਂ (ਜੋ ਬਹੁਤੀਆਂ ਖ਼ੁਸਰੋ ਨੂੰ ਦਿਤੀ ਗਈ ਸਰਕਾਰੀ ਜਾਣਕਾਰੀ ਤੇ ਆਧਾਰਤ ਹਨ) ਅਲਾਉੱਦੀਨ ਦੀਆਂ ਸਾਰੀਆਂ ਜਿੱਤਾਂ ਬਾਰੇ ਪੂਰੀ ਤਰ੍ਹਾਂ ਪਤਾ ਨਹੀਂ ਲੱਗਦਾ, ਪਰ ਇਸ ਨਾਲ ਉਸ ਸਮੇਂ ਦੇ ਜੀਵਨ ਉਤੇ ਚੋਖੀ ਰੌਸ਼ਨੀ ਪੈਂਦੀ ਹੈ। ਅਲਾਉੱਦੀਨ ਖ਼ਿਲਜੀ ਦੇ ਪੁੱਤਰ ਖ਼ਿਦਰ ਖ਼ਾਨ ਦੀ ਪਿਆਰ-ਲੀਲਾ, 'ਤੇ ਆਧਾਰਤ ਮਸਨਵੀ, 'ਦੀਵਾਲ ਰਾਣੀ ਖਿਦਰ ਖ਼ਾਨ' ਇਸੇ ਸਮੇਂ ਵਿਚ ਪੂਰੀ ਕੀਤੀ ਗਈ ਤੇ ਬਹੁਤ ਹੱਦ ਤਕ ਇਹ ਵੀ ਸੰਭਵ ਹੈ ਕਿ ਉਹਨੇ ਇਸੇ ਸਮੇਂ ਵਿਚ ਹੀ ਆਪਣਾ ਤੀਜਾ ਦੀਵਾਨ 'ਬਾਕੀਆਤੁਨ-ਨਕੀਆ' ਮੁਕੰਮਲ ਕੀਤਾ। ਪੰਜ ਗੰਜ 'ਮਤਲਾ-ਉੱਲ-ਅਨਵਰ,'

'ਸ਼ੀਰੀਂ-ਖ਼ੁਸਰੋ,' 'ਆਈਨਾ-ਏ-ਸਿਕੰਦਰੀ,' 'ਲੈਲਾ-ਮਜਨੂੰ' ਤੇ 'ਹਸ਼ਤ-ਬਹਿਸ਼ਤ,' ਵਿਚ ਕੁਲ ਕਵਿਤਾਵਾਂ ਦੀ ਗਿਣਤੀ ਅਠਾਰਾਂ ਹਜ਼ਾਰ ਹੈ ਤੇ ਇਹ ਸਿਰਫ਼ ਦੋ ਵਰ੍ਹਿਆਂ ਦੇ ਮਾਮੂਲੀ ਸਮੇਂ ਵਿਚ ਮੁਕੰਮਲ ਕੀਤੀਆਂ ਗਈਆਂ ਸਨ। 'ਪੰਜ ਗੰਜ' ਲੜੀ ਦੀਆਂ ਪੁਸਤਕਾਂ ਸੁਲਤਾਨ ਅਲਾਉੱਦੀਨ ਖ਼ਿਲਜੀ ਨੂੰ ਸਮਰਪਤ ਹਨ ਤੇ ਆਮ ਤੌਰ ਤੇ ਉਹਨਾਂ ਵਿਚ ਬਾਦਸ਼ਾਹ ਦੀ ਤਾਰੀਫ਼ ਵੀ ਕੀਤੀ ਗਈ ਹੈ। ਖ਼ੁਸਰੋ ਨੂੰ ਸਿਰਫ਼ ਬਾਦਸ਼ਾਹ ਦੀ ਤਾਰੀਫ਼ ਨਾਲ ਸੰਤੁਸ਼ਟੀ ਨਹੀਂ ਸੀ ਹੋਈ, ਉਹਨੇ ਅਲਾਉੱਦੀਨ ਵਰਗੇ ਉਸ ਬੰਦੇ ਨੂੰ, ਜਿਹੜਾ ਆਪਣੀ ਮੁਖ਼ਾਲਫ਼ਤ ਤੇ ਵਿਤਕਰਾ ਬਰਦਾਸ਼ਤ ਨਹੀਂ ਸੀ ਕਰਦਾ, ਧਾਰਮਕ ਉਪਦੇਸ਼ ਤੇ ਸੁਝਾ ਵੀ ਦਿਤੇ ਹਨ। 'ਹਸ਼ਤ ਬਹਿਸ਼ਤ' ਵਿਚ ਬਾਦਸ਼ਾਹ ਦੀ ਸਿਫ਼ਤ-ਸਲਾਹ ਕਰਦਿਆਂ ਉਹ ਕਹਿੰਦਾ ਹੈ :

"ਦੂਜਾ ਨਗੀਨਾ, ਦੁਨੀਆਂ ਤੇ ਮਜ਼ਹਬ ਦਾ ਮਾਣ, ਜਿਸ ਦਾ ਤਾਜ ਆਸਮਾਨ ਹੈ ਤੇ ਜਿਸ ਦੀ ਮੋਹਰ ਸੂਰਜ ਹੈ। ਦੁਨੀਆਂ ਦਾ ਸ਼ਹਿਨਸ਼ਾਹ ਮੁਹੰਮਦ ਸ਼ਾਹ ਸੰਸਾਰ ਨੂੰ ਆਪਣੇ ਕਾਲੇ ਸ਼ਾਮਿਆਨੇ ਹੇਠ ਪਨਾਹ ਦਿੰਦਾ ਹੈ। ਚੰਦ ਨੇ ਉਹਨੂੰ ਆਪਣਾ ਚਾਨਣ ਨਾਲ ਹੜ੍ਹਿਆ ਅੰਬਰ ਕਿਹਾ ਤੇ ਮਜ਼ਹਬ ਨੇ ਉਹਨੂੰ ਆਪਣੀ ਸਾਕਾਰ ਹੋਈ ਸ਼ਾਨ-ਸ਼ੌਕਤ ਕਿਹਾ। ਇਕ ਬਾਦਸ਼ਾਹ, ਜਿਹੜਾ ਆਪਣਾ ਤਖ਼ਤ ਬਖ਼ਸ਼ ਛੱਡਦਾ ਤੇ ਤਾਜ ਲਾਹ ਦਿੰਦਾ ਹੈ, ਉਹ ਅਰਬ ਤੋਂ ਲੈ ਕੇ ਅਜ਼ਮ ਤਕ, ਤੋਂ ਵੀ ਸ਼ਰਧਾਂਜਲੀਆਂ ਲੈਂਦਾ ਹੈ। ਉਸ ਦਾ ਝੰਡਾ ਅਸਮਾਨਾਂ ਦੇ ਕਿੰਗਰਿਆਂ ਤਕ ਅਪੜ ਕੇ ਲਹਿਰਾਉਂਦਾ ਹੈ ਤੇ ਆਪਣੇ ਹੇਠ ਸੂਰਜ ਨੂੰ ਸ਼ਰਨ ਦਿੰਦਾ ਹੈ......"

ਇਸ ਤਰ੍ਹਾਂ ਉਹ ਬਾਦਸ਼ਾਹ ਤੇ ਸਿਫ਼ਤ-ਸਲਾਹ ਦੀ ਵਰਖਾ ਕਰਦਾ ਹੈ, ਪਰ ਕਵੀ ਵਜੋਂ ਉਹ ਆਪਣੀ ਜ਼ਿਮੇਵਾਰੀ ਤੋਂ ਅਵੇਸਲਾ ਨਹੀਂ ਹੁੰਦਾ। ਉਸੇ ਮਥਨਵੀ ਵਿਚ ਉਹ, ਇਕ ਵਖਰੇ ਕਾਂਡ ਵਿਚ ਬਾਦਸ਼ਾਹ ਨੂੰ ਹਦਾਇਤ ਕਰਦਾ ਹੈ :

"ਜਦੋਂ ਤੈਨੂੰ ਖ਼ੁਦਾ ਨੇ ਬਾਦਸ਼ਾਹਤ ਦਾ ਇਹ ਤਖ਼ਤ ਬਖ਼ਸ਼ਿਆ ਹੈ ਤੇ ਤੈਨੂੰ ਆਕਾਸ਼ ਤੋਂ ਪਾਤਾਲ ਤਕ ਦੀ ਬਾਦਸ਼ਾਹਤ ਸੌਂਪੀ ਹੈ, ਤੂੰ ਲੋਕਾਂ ਦੀ ਸੰਤੁਸ਼ਟਤਾ ਲਈ ਪੂਰੀ ਘਾਲਣਾ ਘਾਲ ! ਮਜ਼ਲੂਮਾਂ ਨਾਲ ਇਨਸਾਫ਼ ਕਰ ਤੇ ਜ਼ਾਲਮਾਂ ਨੂੰ ਸੋਧ......ਹਾਥੀਆਂ ਨੂੰ ਰਸਦ ਦੇਈਂ, ਪਰ ਇਹ ਰਸਦ

ਦਿੰਦਿਆਂ ਕੀੜੀ ਨੂੰ ਵੀ ਅੱਖੋਂ ਪਰੋਖੇ ਨਾ ਕਰੀਂ। ਦੁਨੀਆਂ ਦੇ ਲੋਕਾਂ ਪ੍ਰਤੀ ਸਖ਼ੀ-ਦਿਲ ਰਹੀਂ, ਤਾਂ ਜੋ ਤੂੰ ਰੰਗੀਂ ਵਸ ਸਕੇਂ ਤੇ ਇਹਦੇ ਇਵਜ਼ਾਨੇ ਵਿਚ ਖ਼ੁਦਾ ਤੇਰੇ ਤੇ ਖ਼ੁਸ਼ ਰਹੇ। ਚੰਦ ਚੋਣਵੇਂ ਬੰਦਿਆਂ ਉਤੇ ਆਪਣੀ ਸੁਹਿਦਰਤਾ ਦੀ ਵਰਖਾ ਕਰਦਿਆਂ ਤੇ ਉਹਨਾਂ ਨੂੰ ਖ਼ੁਸ਼ ਰਖਦਿਆਂ, ਉਸ ਭੁੱਖੇ ਗਦਾਗਰ ਦਾ ਖ਼ਿਆਲ ਵੀ ਰਖੀਂ, ਜਿਹੜਾ ਰਾਤ ਨੂੰ ਗਲੀ ਦੇ ਮੋੜ ਉਤੇ ਸੌਂਦਾ ਹੈ।''

ਅਲਾਉੱਦੀਨ ਖ਼ਿਲਜੀ ਵਰਗੇ ਬਾਦਸ਼ਾਹ ਨੂੰ ਅਜਿਹੀ ਨਿਡਰ ਤੇ ਖ਼ਰੀ ਰਾਏ ਖ਼ੁਸਰੋ ਦੀ ਉਸ ਅਖ਼ਲਾਕੀ ਦਲੇਰੀ ਦਾ ਪ੍ਰਤੱਖ ਪ੍ਰਮਾਣ ਹੈ ਕਿ ਉਸ ਵਿਚ ਕਿੰਜ ਬਿਨਾਂ ਮੂੰਹ-ਰਖਿਆਂ, ਖ਼ਰੀ ਕਹਿਣ ਦਾ ਹੌਸਲਾ ਹੈ ਤੇ ਉਹਦਾ ਬਾਦਸ਼ਾਹਤ ਵੱਲ ਕੀ ਰਵੱਈਆ ਹੈ।

ਉਹਦੀ ਵਡੀ ਵਾਰਤਕ ਰਚਨਾ 'ਈਜਾਜ਼-ਏ-ਖ਼ੁਸਰਵੀ' ਵੀ ਅਲਾਉੱਦੀਨ ਦੇ ਰਾਜ ਦੌਰਾਨ ਰਚੀ ਗਈ ਸੀ। ਇਹ ਵਾਰਤਕ ਰਚਨਾ ਉਹਦੀਆਂ, ਵਖੋ ਵਖ ਸ਼ਾਨਦਾਰ ਵਾਰਤਕ ਸ਼ੈਲੀਆਂ ਨੂੰ ਅਪਣਾ ਸਕਣ ਦੀਆਂ ਸੰਭਾਵਨਾਵਾਂ ਦਾ ਪ੍ਰਤੱਖ ਪ੍ਰਮਾਣ ਹੈ। ਇਸੇ ਵਿਚ ਉਹ ਲੋਕਾਂ ਦੀ ਆਮ ਹਾਲਤ ਬਾਰੇ ਲਿਖਦਾ ਹੈ :

''ਇਕ ਪਾਸੇ ਤਾਂ ਉਹਦੀ ਤਾਕਤ ਦੇ ਕਹਿਰ ਨੇ ਚੰਗੇਜ਼ ਖ਼ਾਨੀਆਂ ਦੀਆਂ ਪਰਬਤ-ਹਾਰ ਫ਼ੌਜਾਂ ਨੂੰ ਓਕਸਸ ਤੋਂ ਪਾਰ ਵਗਾਹ ਮਾਰਿਆ ਹੈ ਤੇ ਦੂਜੇ ਪਾਸੇ ਹਿੰਦੁਸਤਾਨ ਦੇ ਉਹ ਜ਼ੋਰਾਵਰ ਰਾਣੇ, ਜਿਨ੍ਹਾਂ ਨੇ ਤੁਰਕਾਂ ਦੀਆਂ ਸਫ਼ਾਂ ਨੂੰ ਦਰੜਣ ਲਈ ਆਪਣੇ ਅਨੇਕਾਂ ਹਾਥੀ ਤੇ ਖ਼ਜ਼ਾਨੇ ਵਰਤੇ, ਪਰ ਉਹ ਸਭ ਕੁਝ ਛੱਡ ਕੇ ਹੀ ਨਹੀਂ ਭੱਜ ਗਏ ਸਗੋਂ ਉਹਨਾਂ 'ਚੋਂ ਕਈ, ਜਿਹੜੇ ਅਜੇ ਵੀ ਖ਼ੁਦੀ ਬਣੇ ਹੋਏ ਸਨ, ਇੰਜ ਦਰੜ ਸੁਟੇ ਗਏ ਹਨ ਕਿ ਉਹਨਾਂ ਦੇ ਸਿਰ ਹਾਥੀਆਂ ਦੇ ਪੈਰਾਂ ਹੇਠ ਤੇਲ ਦੇ ਕੁੱਪਿਆਂ ਵਾਂਗ ਰੁੜ੍ਹੇ ਫਿਰਦੇ ਦਿਸੇ ਤੇ ਉਹਨਾਂ ਕੁੱਪਿਆਂ ਦੇ ਤੇਲ ਨਾਲ ਹਾਥੀਆਂ ਦੇ ਪੈਰਾਂ ਦਾ ਰੁੱਖੇਵਾਂ ਤਰ ਹੋ ਗਿਆ। ਆਪਣੀ ਰਿਆਇਆ ਦੀ ਭਲਾਈ ਤੇ ਇਨਸਾਫ਼ ਦੇ ਮਾਮਲਿਆਂ ਸੰਬੰਧੀ ਉਸ ਅਜਿਹੇ ਕਾਨੂੰਨ ਬਣਾਏ ਕਿ ਅਜਿਹਿਆਂ ਦਾ ਝਲਕਾਰਾ ਸਿਕੰਦਰ ਦੇ ਆਈਨੇ ਵਿਚੋਂ ਵੀ ਨਹੀਂ ਸੀ ਪੈਂਦਾ ਦਿਸਦਾ ਤੇ ਨਾ ਹੀ ਇਹ ਜਮਸ਼ੀਦ ਦੇ ਪਿਆਲੇ ਵਿਚੋਂ ਕਿਆਸੇ ਜਾਂ ਵੇਖੇ ਜਾ ਸਕਦੇ ਸਨ।

ਆਪਣੀ ਸਾਵੀਂ ਸਿਆਣਪ ਨਾਲ ਉਹਨੇ ਉਸ ਅੰਨ-ਦਾਣੇ ਨੂੰ, ਜਿਹੜਾ ਜ਼ਿੰਦਗੀ ਦਾ ਖ਼ਮੀਰ ਹੈ, ਸਸਤਾ ਰਖਣ ਲਈ ਅਜਿਹਾ ਅਸੂਲ ਬਣਾਇਆ ਹੋਇਆ ਹੈ ਕਿ ਜੇ ਅਵਾਰਾ ਬੱਦਲ ਵਰ੍ਹਿਆਂ-ਬੱਧੀ ਵੀ ਆਪਣੇ ਭਰਵੱਟਿਆਂ ਦਾ ਮੁੜ੍ਹਕਾ ਨਾ ਝਟਕਣ, ਜੇ ਹਵਾ ਆਪਣੇ ਪੱਖੇ ਨਾਲ ਝੱਲ ਨਾ ਮਾਰੇ, ਜੇ ਸੂਹੀ ਮਿੱਟੀ ਹਰਿਆਲੀ ਬਨਸਪਤੀ ਨਾ ਉਗਾਏ ਤੇ ਭਖ਼ਦਾ ਸੂਰਜ ਫ਼ਸਲਾਂ ਨਾ ਪਕਾਏ, ਤਦ ਵੀ ਉਹ ਆਪਣੇ ਸ਼ਾਹੀ ਭੰਡਾਰਾਂ ਵਿਚੋਂ ਖੁਲ੍ਹਾ-ਡੁੱਲ੍ਹਾ ਅੰਨ-ਦਾਣਾ ਲੋਕਾਂ ਨੂੰ ਦੇ ਸਕਦਾ ਹੈ। ਲੋਕਾਂ ਦੀਆਂ ਹੋਰ ਲੋੜਾਂ ਵੀ, ਚਾਹੇ ਉਹ "ਸੂਹੀ ਗੰਧਕ"[1] ਜਾਂ "ਚਿੱਟੀਆਂ ਲਾਲੜੀਆਂ"[2] ਵੀ ਹੋਣ, ਉਹ ਸੁਨਹਿਰੀ ਜਾਂ ਸੂਹੇ ਦਾਣਿਆਂ ਤੋਂ ਵੀ ਸਸਤੇ ਮੁੱਲ ਤੇ ਸੌਖੇਰੀ ਤਰ੍ਹਾਂ ਪੂਰਿਆਂ ਕਰ ਦਿੰਦਾ ਹੈ। ਏਦੂੰ ਵੀ ਵਡੇਰੀ ਗੱਲ ਇਹ ਕਿ ਪੈਸਾ-ਟਕਾ ਵੀ, ਜੋ ਲੋਕਾਂ ਦੀਆਂ ਇੱਛਾਵਾਂ ਦੀ ਤੇ ਹਰ ਸ਼ੈ ਨਾਲੋਂ ਵਧ ਮਨ-ਇੱਛੀ ਸ਼ੈ ਹੈ, ਉਹਦੇ ਵਡੇ-ਕੀਮਤੀ ਤੋਹਫ਼ਿਆਂ ਤੇ ਬੇਓੜਕ ਖ਼ਰਾਇਤਾਂ ਸਦਕਾ ਏਨੀ ਮਮੂਲੀ ਸ਼ੈ ਬਣ ਚੁਕਿਆ ਹੈ ਕਿ ਕੋਈ ਵੀ ਬੰਦਾ ਕਿਸੇ ਸ਼ੈ ਦੀ ਮਹਿੰਗੀ ਕੀਮਤ ਦਾ ਭਾਰ ਮਹਿਸੂਸ ਨਹੀਂ ਕਰਦਾ, ਇਸ ਲਈ ਉਹਦੀ ਸਾਰੀ ਸਲਤਨਤ ਵਿਚ ਖ਼ੁਸ਼ਹਾਲੀ ਤੇ ਸੁਖ ਹੀ ਸੁਖ ਹੈ......ਡਾਕੂ-ਧਾੜਵੀ ਧਨ-ਦੌਲਤ ਦੇ ਪਰਛਾਵੇਂ ਤੋਂ ਤ੍ਰਹਿ ਕੇ ਇੰਜ ਭਜਦੇ ਹਨ ਜਿਵੇਂ ਸੂਰਜ ਤੋਂ ਪਰਛਾਵਾਂ ਨਸਦਾ ਹੈ ਤੇ ਇਨਸਾਫ਼ ਜ਼ੁਲਮ ਦੀਆਂ ਜੜ੍ਹਾਂ ਇੰਜ ਪੁੱਟੀ ਜਾ ਰਿਹਾ ਹੈ ਜਿਵੇਂ ਚਰਾਗ਼ ਹਨੇਰੇ ਦਾ ਖ਼ਾਤਮਾ ਕਰ ਦਿੰਦਾ ਹੈ। ਜ਼ੋਰਾਵਰ ਹਾਥੀ ਦਾ ਏਨਾ ਵੀ ਹੌਸਲਾ ਨਹੀਂ ਪੈਂਦਾ ਕਿ ਉਹ ਇਕ ਕਮਜ਼ੋਰ ਕੀੜੀ ਦਾ ਰਾਹ ਦਰੜਦਾ ਤੁਰਿਆ ਜਾਏ, ਤੇ ਕੋਈ ਭੁੱਖਾ ਸ਼ੇਰ ਕਿਸੇ ਲੰਗੜੇ ਹਰਨੋਟੇ ਦੀ ਥਿੜਕਦੀ ਚਾਲ ਉਤੇ ਹੱਸਣ ਦੀ ਗੁਸਤਾਖੀ ਨਹੀਂ ਕਰ ਸਕਦਾ।"[3]

ਸੁਲਤਾਨ ਅਲਾਉੱਦੀਨ ਦੇ ਖ਼ੁਸ਼ਹਾਲ ਤੇ ਅਮਨ-ਭਰਪੂਰ ਰਾਜ ਬਾਰੇ

---

1. ਗੋਗਾਰਦ-ਏ-ਅਹਿਮਾਰ, ਸੰਜੀਵਨੀ।
2. "ਸੂਹੀ ਗੰਧਕ" ਵਾਂਗ ਇਕ ਖ਼ਿਆਲੀ ਸ਼ੈ।
3. ਈਜਾਜ਼-ਏ-ਖ਼ੁਸਰਵੀ ਵਿਚੋਂ ਹਵਾਲਾ : ਡਾ: ਵਾਹੀਦ ਮਿਰਜ਼ਾ ਵਲੋਂ 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

ਖ਼ੁਸਰੋ ਦਾ ਬਿਆਨ ਰਤਾ ਵਧਾ-ਚੜ੍ਹਾ ਕੇ ਕਿਹਾ ਲਗ ਸਕਦਾ ਹੈ, ਪਰ ਪਹਿਲੋਂ ਦਿਤੇ ਗਏ ਬਰਨੀ ਦੇ ਬਿਆਨ ਦੇ ਅਧਾਰ ਤੇ ਉਹਨੂੰ ਬੜੀ ਸੌਖ ਨਾਲ ਹੀ ਇਸ ਇਲਜ਼ਾਮ ਤੋਂ ਬਰੀ ਕੀਤਾ ਜਾ ਸਕਦਾ ਹੈ। ਬਰਨੀ ਵੀ ਇਹੋ ਕੁਝ ਕਹਿੰਦਾ ਹੈ — ਉਹ ਗੱਲ ਦਸਦਾ ਭਾਵੇਂ ਵਖਰੇ ਢੰਗ ਨਾਲ ਹੈ।

ਕੋਈ ਵੀਹ ਸਾਲ ਦੀ ਨਿਰਵਿਰੋਧ ਤੇ ਕਾਮਯਾਬ ਹਕੂਮਤ ਪਿਛੋਂ, ੧੩੧੬ ਈਸਵੀ ਵਿਚ ਸੁਲਤਾਨ ਅਲਾਉੱਦੀਨ ਨੇ ਜਲੋਧਰ ਦੀ ਬੀਮਾਰੀ ਕਾਰਨ ਵਫ਼ਾਤ ਪਾਈ। ਅਜਿਹੇ ਸਖ਼ਤ ਤੇ ਕਰੜੇ ਰਾਜ ਦੀ ਨਾਰਾਜ਼ਗੀ ਭਰੀ ਮੋੜਵੀਂ ਗੂੰਜ ਪੈਣੀ ਜ਼ਰੂਰੀ ਸੀ। ਮਲਿਕ ਕਾਫ਼ੂਰ, ਜਿਸ ਨੀਵੀਂ ਜਾਤ ਤੋਂ ਧਰਮ ਤਬਦੀਲ ਕੀਤਾ ਸੀ, ਤੇ ਜਿਸ ਦੀ ਗੁਪਤ ਗੋਂਦ ਦੇ ਕਾਰਨ ਬਾਦਸ਼ਾਹ ਨੇ ਆਪਣੇ ਹੀ ਪੁੱਤਰ ਖਿਦਰ ਖ਼ਾਨ ਨੂੰ ਨਜ਼ਰਬੰਦ ਕੀਤਾ ਸੀ, ਬਾਦਸ਼ਾਹ ਦਾ ਵਿਸ਼ਵਾਸ ਤੇ ਹਮਦਰਦੀ ਜਿੱਤ ਚੁਕਿਆ ਸੀ। ਇਸ ਤੋਂ ਵੀ ਵੱਡੀ ਗੱਲ ਇਹ ਕਿ ਉਹ ਆਪਣੇ ਦਲੇਰਾਨਾ ਕਾਰਨਾਮਿਆਂ ਤੇ ਕੁਝ ਜਿੱਤਾਂ ਸਦਕਾ ਬਾਦਸ਼ਾਹ ਦੀ ਨਿਗ੍ਹਾ ਚੜ੍ਹ ਚੁਕਿਆ ਸੀ। ਜਦੋਂ ਅਲਾਉੱਦੀਨ ਬੀਮਾਰ ਪਿਆ ਹੋਇਆ ਸੀ ਤਾਂ ਮਲਿਕ ਕਾਫੂਰ ਨੇ ਉਸ ਤੋਂ ਇਕ ਐਲਾਨ ਕਰਵਾਇਆ ਜਿਸ ਅਨੁਸਾਰ ਖ਼ਿਦਰ ਖ਼ਾਨ ਦੀ ਵਿਰਾਸਤ ਖ਼ਤਮ ਕਰ ਕੇ ਉਸ ਦੇ ਇਕ ਨਾਬਾਲਗ ਪੁੱਤਰ ਨੂੰ ਤਖ਼ਤ ਦਾ ਵਾਰਸ ਬਣਾ ਦਿਤਾ ਗਿਆ। ਜਦੋਂ ਬਾਦਸ਼ਾਹ ਵਫ਼ਾਤ ਪਾ ਗਿਆ ਤਾਂ ਮਲਿਕ ਕਾਫ਼ੂਰ ਨੇ ਉਮਰਾਵਾਂ ਨੂੰ ਸ਼ਾਹੀ ਫ਼ੁਰਮਾਨ ਵਿਖਾਇਆ ਤੇ ਨਾਬਾਲਗ਼ ਸ਼ਾਹਜ਼ਾਦੇ ਸ਼ਹਾਬਉੱਦੀਨ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਗਿਆ। ਸਭ ਤੋਂ ਪਹਿਲਾ ਧੋਖਾ ਤੇ ਸਿੱਧੀ ਨਾ ਫ਼ਰਮਾਂ-ਬਰਦਾਰੀ ਦੀ ਜਿਹੜੀ ਕਰਤੂਤ ਇਸ ਚੰਦਰੇ ਗਿੱਦੜ ਨੇ ਆਪਣੇ ਮਾਲਕ ਦੇ ਪਰਵਾਰ ਨਾਲ ਕੀਤੀ ਉਹ ਖ਼ਿਦਰ ਖ਼ਾਨ ਨੂੰ ਅੰਨ੍ਹਿਆਂ ਕਰਨਾ ਸੀ, ਤੇ ਇਸ ਪਿਛੋਂ ਉਸ ਨੇ ਉਹਨਾਂ ਸਾਰੇ ਦੇ ਸਾਰੇ ਸ਼ਾਹਜ਼ਾਦਿਆਂ ਨੂੰ ਬੇਰਹਿਮੀ ਨਾਲ ਕਤਲ ਕਰਵਾ ਦਿਤਾ, ਜਿਹੜੇ ਵੀ ਦਿੱਲੀ ਦੇ ਤਖ਼ਤ ਦਾ ਦਾਅਵਾ ਕਰ ਸਕਦੇ ਸਨ। ਸਵਰਗਵਾਸੀ ਬਾਦਸ਼ਾਹ ਦੀ ਪਤਨੀ ਮਲਕਾ-ਏ-ਜਹਾਨ ਕੋਲੋਂ ਸਭ ਧਨ-ਦੌਲਤ ਤੇ ਕੀਮਤੀ ਜ਼ੇਵਰਾਤ ਤੇ ਹੀਰੇ-ਜਵਾਹਰਾਤ ਖੋਹ ਲਏ ਗਏ। ਸ਼ਾਹੀ ਖ਼ਾਨਦਾਨ ਦਾ ਸਿਰਫ਼ ਇਕ ਬੰਦਾ ਮੁਬਾਰਕ ਸ਼ਾਹ ਖ਼ਿਲਜੀ ਬਚ ਕੇ ਨਿਕਲ ਸਕਿਆ। ਬਰਨੀ ਭੈ-ਭੀਤ ਹੋ ਕੇ ਲਿਖਦਾ ਹੈ :

"ਭਾਵੇਂ ਅਲਾਉੱਦੀਨ ਨੇ ਕੁਝ ਵਰ੍ਹੇ, ਕਾਮਯਾਬੀ ਨਾਲ ਰਾਜ ਕੀਤਾ ਤੇ ਉਸ ਦੀ ਇੱਛਾ ਅਨੁਸਾਰ ਖ਼ੁਸ਼ਹਾਲੀ ਵੀ ਵਧੀ, ਭਾਵੇਂ ਉਹਦੇ ਬੀਵੀਆਂ ਤੇ ਬੱਚੇ ਸਨ ਤੇ ਅਮਲਾ-ਫ਼ੈਲਾ ਸੀ, ਧਨ-ਦੌਲਤ ਤੇ ਸ਼ਾਨ-ਸ਼ੌਕਤ ਸੀ, ਪਰ ਤਦ ਵੀ ਉਹ ਆਪਣੇ ਸਰਪ੍ਰਸਤ ਦੇ ਖ਼ੂਨ ਦੇ ਬਦਲੇ ਤੋਂ ਬਚ ਨਾ ਸਕਿਆ। ਉਹਨੇ ਫਾਰੋਹ ਦੇ ਗੁਨਾਹਾਂ ਨਾਲੋਂ ਵਧੇਰੇ ਮਾਸੂਮ ਖ਼ੂਨ ਵਹਾਇਆ। ਤੇ ਅੰਤ ਨੂੰ ਕਿਸਮਤ ਨੇ ਉਹਦੇ ਰਾਹ ਵਿਚ ਵੀ ਇਕ ਧੋਖੇਬਾਜ਼ ਭੇਜ ਦਿਤਾ, ਜਿਸ ਨੇ ਉਸ ਦਾ ਸਾਰਾ ਖ਼ਾਨਦਾਨ ਹੀ ਤਬਾਹ ਕਰ ਦਿਤਾ, ਤੇ ਜਿਹੜਾ ਬਦਲੇ ਦਾ ਕਹਿਰ ਇਸ ਪਰਵਾਰ ਉਤੇ ਟੁੱਟਿਆ ਉਹ ਕਿਸੇ ਵੀ ਕਾਫ਼ਰ-ਧਰਤੀ ਉਤੇ ਕਦੇ ਵੇਖਿਆ ਸੁਣਿਆ ਨਹੀਂ ਸੀ ਗਿਆ।"

ਭੈ ਦਾ ਇਹ ਤਾਂਡਵ ਨਾਚ ਬਹੁਤਾ ਚਿਰ ਨਹੀਂ ਸਿਰਫ਼ ਕੁਝ ਮਹੀਨੇ ਹੀ ਹੋਇਆ ਤੇ ਦਗ਼ਾਬਾਜ਼ ਮਲਿਕ ਕਾਫ਼ੂਰ ਨੂੰ ਇਹਦੇ ਨਤੀਜੇ ਭੁਗਤ ਤੇ ਪਛੋਤਾਣਾ ਪਿਆ, ਤੇ ਅਖ਼ੀਰ ਨੂੰ ਉਹਨੂੰ ਉਸ ਦੇ ਸੌਣ-ਕਮਰੇ ਵਿਚ ਕਤਲ ਕਰ ਦਿਤਾ ਗਿਆ। ਦਿੱਲੀ ਦੇ ਲੋਕਾਂ ਤੇ ਸ਼ਾਹੀ ਖ਼ਾਨਦਾਨ ਨੇ ਸੁਖ ਦਾ ਸਾਹ ਲਿਆ। ਅਲਾਉੱਦੀਨ ਦੇ ਇਕੋ-ਇਕ ਜਿਉਂਦੇ ਬਚੇ ਪੁੱਤਰ ਮੁਬਾਰਕ ਸ਼ਾਹ ਖ਼ਿਲਜੀ ਨੂੰ ਤਖ਼ਤ ਉਤੇ ਬਿਠਾਇਆ ਗਿਆ। ਇਸ ਬਾਂਕੇ ਨੌਜਵਾਨ ਤੋਂ ਇਹੋ ਆਸ ਕੀਤੀ ਜਾਂਦੀ ਸੀ ਕਿ ਉਹ ਆਪਣੇ ਪਿਉ ਦੇ ਪੂਰਨਿਆਂ ਤੇ ਚਲ ਕੇ ਦੇਸ਼ ਵਿਚ ਅਮਨ-ਕਾਨੂੰਨ ਬਹਾਲ ਕਰੇਗਾ, ਪਰ ਉਸ ਆਪਣੇ ਉਤੇ ਲਗੀਆਂ ਆਸਾਂ ਪੂਰੀਆਂ ਨਾ ਕੀਤੀਆਂ। ਸ਼ਾਹੀ ਦਰਬਾਰ, ਅਸਲ ਵਿਚ ਸ਼ਰਾਬਖ਼ਾਨਾ ਬਣ ਗਿਆ, 'ਪੀਣ-ਪਿਆਣ ਤੇ ਐਸ਼ ਦੇ ਦੌਰ' ਨੇ, ਜਿਸ ਨੂੰ ਉਹਦੇ ਪਿਤਾ ਨੇ ਸਖ਼ਤੀ ਨਾਲ ਮਨ੍ਹਾਂ ਕੀਤਾ ਹੋਇਆ ਸੀ, ਬਾਦਸ਼ਾਹ ਤੇ ਉਸ ਦੇ ਉਮਰਾਵਾਂ ਕੋਲੋਂ ਉਸ ਸਾਵੀਂ-ਸੋਚ ਤੇ ਯੋਗਤਾ ਤੋਂ ਵਾਂਝਿਆਂ ਕਰ ਦਿਤਾ, ਜਿਹੜੀ ਅਲਾਉੱਦੀਨ ਦੇ ਰਾਜ ਦਾ ਖ਼ਾਸਾ ਸੀ। ਆਪਣੇ ਪਿਤਾ ਵਾਂਗ ਹੀ ਬਾਦਸ਼ਾਹ ਨੇ ਖ਼ੁਸਰੋ ਖ਼ਾਨ ਨੂੰ ਆਪਣਾ ਮਨਜ਼ੂਰੇ-ਨਜ਼ਰ ਬਣਾ ਕੇ ਰਖਿਆ ਤੇ ਉਹੋ ਹੀ ਦੇਸ਼ ਦਾ ਪੂਰਾ-ਸੂਰਾ ਹਾਕਮ ਬਣਿਆ ਰਿਹਾ। ਕਦੇ ਰਮਜ਼ਾਨ ਦੇ ਰੋਜ਼ੇ ਨਹੀਂ ਸਨ ਰਖੇ ਜਾਂਦੇ ਤੇ ਨਾ ਹੀ ਕਦੇ ਦੁਆ ਕੀਤੀ ਜਾਂਦੀ ਸੀ। ਬਾਦਸ਼ਾਹ ਬਦਕਾਰੀ ਤੇ ਬਦਚਲਣੀ ਦਾ ਸਾਕਾਰ ਰੂਪ ਬਣ ਗਿਆ ਸੀ। ਜੇ ਇਹ ਕਿਹਾ ਜਾਏ ਕਿ

ਉਸ ਦੇਸ਼ ਤੇ ਕਦੇ ਰਾਜ ਕੀਤਾ ਤਾਂ ਇਹੋ ਕਹਾਂਗੇ ਕਿ ਉਹ ਸਿਰਫ਼ ਖ਼ੁਸਰੋ ਖ਼ਾਨ ਦੇ ਰਾਹੀਂ ਹੀ ਕੀਤਾ ਉਦੋਂ ਉਹ ਲੋਕ ਵੀ ਮੌਜੂਦ ਸਨ ਜਿਨ੍ਹਾਂ ਕਈਕੋਬਾਦ ਦੀਆਂ ਰੰਗੀਲੀਆਂ ਮਹਿਫ਼ਲਾਂ ਤੇ ਮਜਲਸਾਂ ਵੇਖੀਆਂ ਸਨ। ਮੁਬਾਰਕ ਸ਼ਾਹ ਉਹਨੂੰ ਵੀ ਮਾਤ ਪਾ ਗਿਆ, ਤੇ ਅੰਤ ਨੂੰ ਗੱਲ ਮੁੱਕ-ਚੁੱਕ ਗਈ ਤੇ "ਸ਼ਹਿਨਸ਼ਾਹ" ਚਾਰ ਸਾਲ ਰਾਜ ਕਰਨ ਪਿਛੋਂ ਉਸ ਦੇ ਮਨਜ਼ੂਰੇ-ਨਜ਼ਰ ਵਲੋਂ, ੧੩੨੧ ਵਿਚ ਕਤਲ ਕਰ ਦਿਤਾ ਗਿਆ ਤੇ ਇਸ ਨਾਲ ਖ਼ਿਲਜੀ ਖ਼ਾਨਦਾਨ ਦਾ ਅਭਾਗਾ ਅੰਤ ਹੋਇਆ।

ਖ਼ੁਸਰੋ ਖ਼ਾਨ ਨੇ ਇਹ ਦਗ਼ੇਬਾਜ਼ੀ ਦਿੱਲੀ ਦਾ ਤਖ਼ਤ ਖੋਹਣ ਲਈ ਕੀਤੀ ਸੀ ਤੇ ਉਹ ਇਸ ਨੂੰ ਹਾਸਲ ਕਰਨ ਵਿਚ ਕਾਮਯਾਬ ਹੋ ਗਿਆ। ਜਦੋਂ ਇਹਦੇ ਨਤੀਜੇ ਵੋਜੋਂ ਗੜਬੜ ਅਰੰਭ ਹੋਈ ਤਾਂ ਬਾਦਸ਼ਾਹ ਇਸ ਆਫ਼ਤ ਦੀ ਸੂਹ ਮਿਲਦਿਆਂ ਹੀ ਆਪਣੇ ਹਰਮ ਵਲ ਭਜ ਤੁਰਿਆ, ਪਰ ਉਹਨੂੰ ਖ਼ੁਸਰੋ ਖ਼ਾਨ ਨੇ ਫੜ ਲਿਆ ਤੇ ਉਹਦੇ ਚਾਟੜਿਆਂ ਨੇ ਬਾਦਸ਼ਾਹ ਦਾ ਸਿਰ ਕਲਮ ਕਰ ਦਿਤਾ। ਦਿੱਲੀ ਦਾ ਤਖ਼ਤ ਖੋਹਣ ਪਿਛੋਂ ਖ਼ੁਸਰੋ ਖ਼ਾਨ ਨੇ ਮਾਸੂਮਾਂ ਦਾ ਲਹੂ ਵਹਾਣ ਦਾ ਬੱਜਰ ਪਾਪ ਅਰੰਭ ਕੀਤਾ। ਉਮਰਾਵਾਂ ਦਾ ਤ੍ਰਿਸਕਾਰ ਕੀਤਾ ਗਿਆ, ਪਵਿੱਤਰ ਕੁਰਾਨ ਦੀ ਬੇਅਦਬੀ ਕੀਤੀ ਗਈ ਤੇ ਮਸੀਤਾਂ ਵਿਚ ਬੁੱਤ ਲਾਏ ਗਏ। ਹਾਲਾਤ ਏਥੋਂ ਤਕ ਭੈੜੇ ਹੋ ਗਏ ਕਿ ਮੰਗੋਲਾਂ ਦੇ ਹਮਲਿਆਂ ਨੂੰ ਰੋਕਣ ਵਾਲੇ ਮਲਿਕ ਤੁਗਲਕ ਨੂੰ, ਖ਼ੁਸਰੋ ਖ਼ਾਨ ਤੋਂ ਉਹਦੀ ਦਗ਼ੇਬਾਜ਼ੀ ਦਾ ਬਦਲਾ ਲੈਣ ਲਈ, ਧਾਵਾ ਬੋਲਣਾ ਪਿਆ। ਨਤੀਜੇ ਵਜੋਂ ਖ਼ੁਸਰੋ ਖ਼ਾਨ ਦੀਆਂ ਫ਼ੌਜਾਂ ਹਾਰ ਗਈਆਂ ਤੇ ਉਹ ਮਾਰਿਆ ਗਿਆ।

ਇਸ ਅਤਿ ਭਰਿਸ਼ਟ, ਅਖ਼ਲਾਕੀ ਪਤਨ ਤੇ ਰਾਜਸੀ ਉਥਲ ਪੁਥਲ ਦੇ ਉਸ ਮਨਹੂਸ ਸਮੇਂ ਵਿਚ ਜਿਹੜਾ ਅਲਾਉੱਦੀਨ ਦੀ ਮੌਤ ਤੋਂ ਛੇਤੀ ਈ ਮਗਰੋਂ ਅਰੰਭ ਹੋਇਆ (ਜਿਸ ਬਾਰੇ ਕਿਹਾ ਜਾਂਦਾ ਹੈ ਕਿ ਮਲਿਕ ਕਾਫ਼ੂਰ ਨੇ ਹੀ ਇਹਦਾ ਮੁੱਢ ਬੰਨ੍ਹ ਕੇ ਇਹਨੂੰ ਤੇਜ਼ ਕੀਤਾ) ਅਮੀਰ ਖ਼ੁਸਰੋ, ਥੋੜੇ ਜਿਹੇ ਵਕਫ਼ੇ ਤੋਂ ਬਿਨਾਂ ਅਕਸਰ ਆਪਣੀ ਵਿਦਵਤਾ ਦੀ ਦੁਨੀਆਂ ਵਿਚ ਹੀ ਮਗਨ ਰਿਹਾ ਲਗਦਾ ਹੈ। ਉਹ ਦਰਬਾਰੀ ਗੌਂਦਾਂ, ਬੇਕਿਰਕ ਕਤਲਾਂ ਤੇ ਬੇਸ਼ਰਮੀ ਦੇ ਅਤਿ-ਦੂਸ਼ਣ ਯੋਗ ਕਾਰਨਾਮਿਆਂ ਬਾਰੇ ਚੁੱਪ ਹੈ। ਕੁਤਬਉੱਦੀਨ ਮੁਬਾਰਕਸ਼ਾਹ ਖ਼ਿਲਜੀ ਦੇ ਕੁਕਰਮਾਂ ਵਿਚ ਫਸ ਜਾਣ ਦੇ ਬਾਵਜੂਦ ਤੇ ਉਹਦੇ ਹਜ਼ਰਤ ਨਿਜ਼ਾਮਉੱਦੀਨ

ਔਲੀਆ ਨਾਲ ਝਗੜੇ ਦੇ ਬਾਵਜੂਦ, ਖ਼ੁਸਰੋ ਨੇ ਉਹਦੇ ਨਾਲ ਆਪਣੇ ਸੰਬੰਧ ਕਾਇਮ ਰਖੇ, ਤੇ ਬਾਦਸ਼ਾਹ ਵੀ ਅਮੀਰ ਖ਼ੁਸਰੋ ਦੀ ਬੜੀ ਕਦਰ ਕਰਦਾ ਰਿਹਾ। ਜਦੋਂ ਬਾਦਸ਼ਾਹ ਨੇ ਉਹਨੂੰ ਆਪਣੇ ਰਾਜ ਦਾ ਇਤਿਹਾਸ ਲਿਖਣ ਲਈ ਕਿਹਾ ਤਾਂ ਉਹਨੇ ਮਥਨਵੀ 'ਨੂਹ ਸਿਪਹਿਰ' ਲਿਖੀ। ਬਾਦਸ਼ਾਹ ਨੇ ਵੀ ਉਹਨੂੰ ਇਕ ਹਾਥੀ ਦਾ ਲੱਦ ਸੋਨਾ ਦੇਣ ਦਾ ਇਕਰਾਰ ਕੀਤਾ, ਤੇ ਉਹਨੇ ਆਪਣਾ ਵਚਨ ਜ਼ਰੂਰ ਪਾਲਿਆ ਵੀ ਹੋਵੇਗਾ ਕਿਉਂਕਿ ਖ਼ੁਸਰੋ ਆਪ ਇਹਦਾ ਹਵਾਲਾ ਦਿੰਦਾ ਹੈ ਕਿ ਉਹਨੂੰ ਬਾਦਸ਼ਾਹ ਵਲੋਂ ਇਵਜ਼ਾਨਾ ਮਿਲਿਆ ਸੀ, ਜਿਹੜਾ ਉਹਨੂੰ ਮੁਬਾਰਕ ਸ਼ਾਹ ਦੇ ਪੂਰਬ-ਗਾਮੀਆਂ ਵਲੋਂ ਕਦੇ ਵੀ ਨਹੀਂ ਸੀ ਬਖ਼ਸ਼ਿਆ ਗਿਆ। ਖ਼ੁਸਰੋ ਉਹਦੀ ਸਿਫ਼ਤ-ਸਲਾਹ ਗਾਉਂਦਾ ਤੇ ਉਹਨੂੰ ਇੰਜ ਸੰਬੋਧਨ ਕਰਦਾ ਹੈ :

"ਓ ਸ਼ਹਿਨਸ਼ਾਹ, ਸਖ਼ੀ ਤੇ ਦਿਆਲੂਆ, ਓ ਸ਼ਾਇਰੀ ਦੀਆਂ ਕਦਰਾਂ ਦੇ ਤੇ ਤਾਜ ਦੇ ਕਦਰਦਾਨ! ਜੋ ਇਨਾਮ ਮੈਂ ਤੇਰੇ ਜਿਹੇ ਹੀਰੇ ਪਾਸੋਂ ਹਾਸਲ ਕਰ ਚੁਕਾ ਹਾਂ, ਪਿਛਲੇ ਬਾਦਸ਼ਾਹਾਂ ਤੋਂ ਮੈਂ ਇਹ ਸ਼ਾਜ਼ੋ-ਨਾਦਰ ਹੀ ਕਦੇ ਪ੍ਰਾਪਤ ਕੀਤਾ ਸੀ। ਜੋ ਕੁਝ ਮੈਂ ਤੇਰੇ ਕੋਲੋਂ ਲਿਆ ਹੈ ਉਹਦੇ ਲਈ ਹੁਣ, ਮੇਰੇ ਵਰਗੇ ਕਲਾਕਾਰ ਲਈ ਤੇਰੀ ਸਿਫ਼ਤ-ਸਲਾਹ ਗਾਉਣਾ ਜ਼ਰੂਰੀ ਹੋ ਗਿਆ ਹੈ।"[1]

---

1. ਨੂਹ ਸਿਪਹਿਰ।

੩

ਜਦੋਂ ਗਿਆਸਉੱਦੀਨ ਤੁਗ਼ਲਕ ਨੇ ਕਾਨੂੰਨ ਤੇ ਵਿਵਸਥਾ ਸਥਾਪਤ ਕਰ ਲਈ ਤੇ ਵੇਖਿਆ ਕਿ ਉਹਦੇ ਮਾਲਕ ਦੇ ਖ਼ਾਨਦਾਨ ਦਾ ਕੋਈ ਵੀ ਬੰਦਾ ਜਿਉਂਦਾ ਨਹੀਂ ਬਚਿਆ ਤਾਂ ਉਹਨੇ ਨਿਰਵਿਰੋਧ ਤੇ ਬਿਨਾਂ ਰੋਕ-ਟੋਕ ਦਿੱਲੀ ਦਾ ਤਖ਼ਤ ਖ਼ੁਦ ਸੰਭਾਲ ਲਿਆ। ਉਦੋਂ ਅਮੀਰ ਖ਼ੁਸਰੋ ਤਕਰੀਬਨ ਬਿਰਧ ਹੋ ਚੁਕਿਆ ਸੀ। ਉਹਦੀ ਉਮਰ ਸੱਤਰ ਵਰ੍ਹਿਆਂ ਦੀ ਹੋ ਗਈ ਸੀ। ਉਸ ਬਾਦਸ਼ਾਹ ਦਾ ਸੁਆਗਤ, ਉਹਦੀ ਸਿਫ਼ਤ-ਸਲਾਹ ਗਾ ਕੇ ਕੀਤਾ :

"ਸਿਤਾਰੇ ਕਿੰਨੇ ਹੀ ਵਰ੍ਹੇ ਗਰਦਿਸ਼ 'ਚ ਰਹੇ; ਫੇਰ ਕਿਧਰੇ ਜਾ ਕੇ ਇਸਲਾਮ ਦੇ ਅਜਿਹੇ ਹਮਾਇਤੀ ਤੇ ਮਜ਼ਹਬ ਦੇ ਰੱਖਿਅਕ ਤੁਗ਼ਲਕ ਸ਼ਾਹ ਦਾ ਜਨਮ ਹੋਇਆ।"[1]

ਸੁਲਤਾਨ ਗਿਆਸਉੱਦੀਨ ਤੁਗ਼ਲਕ ਪਾਕ ਤੇ ਬੜੇ ਮਿਲਾਪੜੇ ਸੁਭਾ ਵਾਲਾ ਬੰਦਾ ਸੀ। ਤੇ ਬਿਰਧ ਸ਼ਾਇਰ ਦੀ ਬੜੀ ਕਦਰ ਕਰਦਾ ਸੀ। ਉਹਦੇ ਦਿੱਲੀ ਦਾ ਤਖ਼ਤ ਸੰਭਾਲਣ ਤੋਂ ਛੇਤੀ ਹੀ ਬਾਅਦ ਦਿਓਗਿਰ ਵਿਚ ਗੜਬੜ ਹੋ ਗਈ ਤੇ ਦਿਓਗਿਰ ਦੇ ਰਾਜੇ ਲੱਦਰਦਿਓ ਨੇ ਦਿੱਲੀ ਦੇ ਤਖ਼ਤ ਦੇ ਖ਼ਿਲਾਫ਼ ਬਗ਼ਾਵਤ ਕਰ ਦਿਤੀ। ਬਾਦਸ਼ਾਹ ਨੇ ਕੋਈ ਢਿਲ ਨਾ ਕੀਤੀ ਤੇ ਉਹਨੂੰ ਸਜ਼ਾ ਦੇਣ ਲਈ ਉਲਗ ਖ਼ਾਨ ਨੂੰ ਭੇਜਿਆ। ਸ਼ਾਇਰ ਉਲਗ ਖ਼ਾਨ ਦੇ ਨਾਲ ਦਿਓਗਿਰ ਗਿਆ। ਉਹ ਸ਼ਹਿਰ ਦੀ ਸੁੰਦਰਤਾ ਵੇਖ ਕੇ ਬੜਾ ਅਸਚਰਜ ਤੇ ਪ੍ਰਭਾਵਤ ਹੋਇਆ ਜਾਪਦਾ ਹੈ, ਤੇ ਉਹਨੇ ਉਲਗ ਖ਼ਾਨ ਨੂੰ ਸੰਬੋਧਤ ਇਕ ਕਸੀਦੇ ਵਿਚ ਦਿਓਗਿਰ ਦੀ ਤਾਰੀਫ਼ ਇੰਜ ਕੀਤੀ ਹੈ :

"ਇਹ ਸ਼ਾਨਦਾਰ ਤੇ ਭਾਗਵਾਨ ਨਗਰ ਹੈ, ਨਿਵਾਜੇ ਮੰਡਲਾਂ ਦੀ ਰਾਵੀ, ਜਿਸ ਧਰਤੀ ਦੀ ਧੁਰੀ ਤੋਂ ਕੁੱਤਬਾਬਾਦ ਦਾ ਨਾਂ ਪ੍ਰਾਪਤ ਕੀਤਾ ਸੀ। ਜਦੋਂ ਇਥੇ ਕੁਫ਼ਰ ਦਾ ਦੌਰ ਆਇਆ ਤੇ ਰਾਕਸ਼ਾਂ ਨੇ ਲੋਕਾਂ ਤੇ ਜ਼ੁਲਮ-

---

1. ਨੂਹ ਸਿਪਹਿਰ।

ਜਬਰ ਦਾ ਚੱਕਰ ਚਲਾਇਆ, ਉਦੋਂ ਹੀ ਇਹਦਾ ਨਾਂ ਮੁੱਢ-ਕਦੀਮੀਂ ਦਿਓ, ਲੋਕਾਂ ਨੇ ਇਹਦਾ ਨਾਂ ਦਿਓਗਿਰ ਰਖਿਆ। ਹੁਣ ਇਹ ਇਸਲਾਮ ਦਾ 'ਬੀਜ਼ਾ' ਬਣ ਗਿਆ ਹੈ, ਸੋ ਹੁਣ ਇਸ ਵਿਚੋਂ ਕੋਈ ਸੁਭ-ਸ਼ਗਨਾਂ ਵਾਲੇ ਤੇ ਖੇੜੇ ਭਰੇ ਭਵਿੱਖ ਦਾ ਸੂਚਕ ਤੇ ਕੋਈ ਕੁਲਵੰਤ ਰੱਬੀ-ਪੰਛੀ ਹੀ ਜਨਮ ਲੈ ਸਕਦਾ ਹੈ। ਇਹਨੂੰ ਬਹਿਸ਼ਤ ਕਹਿਣਾ ਕੋਈ ਫੋਕੀ ਵਡਿਆਈ ਨਹੀਂ, ਪਰ ਮੈਂ ਇਹਨੂੰ ਬਹਿਸ਼ਤ ਨਹੀਂ ਕਹਾਂਗਾ, ਕਿਉਂਕਿ ਅਜਿਹਾ ਨਾ ਹੋਵੇ ਕਿ ਇਹਦਾ ਨਾਂ ਸ਼ਾਦਾਦ ਦੇ ਬਹਿਸ਼ਤ ਨਾਲ ਹੀ ਰਲਗਡ ਹੋ ਜਾਏ। ਉਂਜ ਇਸ ਨਗਰ ਦੇ ਭਾਗਾਂ ਵਿਚ, ਇਸਲਾਮ ਦੇ ਰਾਜ ਹੇਠ ਬਹਿਸ਼ਤ ਬਣਨਾ ਹੀ ਲਿਖਿਆ ਹੋਇਆ ਸੀ, ਕਿਉਂਕਿ ਇਸੇ ਕਰ ਕੇ ਇਹ ਏਨੇ ਧਿਆਨ ਨਾਲ ਸਜਾਇਆ ਗਿਆ ਹੈ......"

ਪਰ ਉਲਗ ਖ਼ਾਨ ਕਾਮਯਾਬ ਨਾ ਹੋ ਸਕਿਆ ਤੇ ਜਦੋਂ ਸਿਪਾਹੀਆਂ ਵਿਚ ਇਹ ਅਫ਼ਵਾਹ ਫ਼ੈਲ ਗਈ ਕਿ ਗ਼ਿਆਸਉੱਦੀਨ ਤੁਗ਼ਲਕ ਮਰ ਗਿਆ ਹੈ, ਤਾਂ ਉਹਨੂੰ ਨਾਕਾਮ ਵਾਪਸ ਪਰਤਣਾ ਪਿਆ। ਉਹ ਕਾਹਲੀ ਨਾਲ ਦਿੱਲੀ ਵਾਪਸ ਆ ਗਿਆ। ਕੁਝ ਕੁ ਮਹੀਨੇ ਸਸਤਾਣ ਪਿਛੋਂ ਉਸ ਮੁੜ ਚੜ੍ਹਾਈ ਕੀਤੀ ਤੇ ਇਸ ਵਾਰੀ ਬਗ਼ਾਵਤ ਪੂਰੀ ਕਾਮਯਾਬੀ ਨਾਲ ਚੰਗੀ ਤਰ੍ਹਾਂ ਕੁਚਲ ਦਿਤੀ ਗਈ।

ਗ਼ਿਆਸੁਉੱਦੀਨ ਭਾਵੇਂ ਸੁਲਤਾਨ ਤੁਗ਼ਲਕ ਦੇ ਤੁਅੱਲਕਾਤ ਅਮੀਰ ਖ਼ੁਸਰੋ ਨਾਲ ਚੰਗੇ ਸਨ, ਪਰ ਹਜ਼ਰਤ ਨਿਜ਼ਾਮਉੱਦੀਨ ਔਲੀਆ ਦੀਆਂ ਕਾਰਵਾਈਆਂ ਤੇ ਪੂਰੀ ਤਰ੍ਹਾਂ ਖ਼ੁਸ਼ ਨਹੀਂ ਸੀ। ਇਹ ਕਿਹਾ ਜਾਂਦਾ ਹੈ ਕਿ ਖ਼ੁਸਰੋ ਖ਼ਾਨ ਨੇ, ਜਿਸ ਦਾ 'ਹਿਸਾਬ-ਕਿਤਾਬ' ਗ਼ਿਆਸੁਉੱਦੀਨ ਤੁਗ਼ਲਕ ਨੇ ਨਬੇੜਿਆ, ਲੋਕਾਂ ਦੀਆਂ ਸੁਭ-ਇੱਛਾਵਾਂ ਦਾ ਪਾਤਰ ਬਣਨ ਲਈ, ਉਹਨਾਂ ਨੂੰ ਬੇਅੰਤ ਧਨ-ਦੌਲਤ ਵੰਡਿਆ ਸੀ। ਹਜ਼ਰਤ ਨਿਜ਼ਾਮਉੱਦੀਨ ਔਲੀਆ, ਇਹ ਧਨ ਪ੍ਰਾਪਤ ਕਰਨ ਵਾਲਿਆਂ ਵਿਚੋਂ ਇਕ ਸੀ। ਸਭ ਤੋਂ ਪਹਿਲਾ ਕੰਮ ਸੁਲਤਾਨ ਗ਼ਿਆਸੁਉੱਦੀਨ ਤੁਗ਼ਲਕ ਨੇ ਇਹ ਕੀਤਾ ਕਿ ਇਹ ਸਾਰਾ ਧਨ-ਦੌਲਤ ਵਾਪਸ ਕਰਵਾਇਆ। ਸ਼ਾਹੀ ਖ਼ਜ਼ਾਨੇ ਵਿਚ ਇਕ ਦਮੜੀ ਵੀ ਨਹੀਂ ਸੀ। ਬਹੁਤੇ ਬੰਦਿਆਂ ਨੇ ਤਾਂ ਲਗਪਗ ਇਹ ਮੋੜ ਦਿਤਾ, ਪਰ ਹਜ਼ਰਤ ਨਿਜ਼ਾਮਉੱਦੀਨ ਔਲੀਆ ਤਾਂ ਸਾਰੇ ਦਾ ਸਾਰਾ ਹੀ ਖ਼ਰਚ ਕਰ ਬੈਠੇ ਸਨ। ਇਸ ਲਈ ਉਹਨਾਂ ਦੇ ਜੁਆਬ ਨੇ ਬਾਦਸ਼ਾਹ ਨੂੰ ਹੋਰ ਵੀ ਅੱਗ ਬਗੋਲਾ ਕਰ

ਦਿਤਾ। ਸੀਆ ਦਾ ਪਵਿੱਤਰ ਇਕੱਠ ਵੀ ਬਾਦਸ਼ਾਹ ਦੇ ਗ਼ੁੱਸੇ ਦਾ ਇਕ ਕਾਰਨ ਬਣਿਆਂ ਤੇ ਚੰਦਰੀਆਂ ਜੀਭਾਂ ਵੀ ਬਾਦਸ਼ਾਹ ਦੇ ਕੰਨ ਭਰਨੋਂ ਤੇ ਚੁਗਲੀਆਂ ਕਰਨੋਂ ਨਾ ਹਟੀਆਂ। ਇਹ ਵੀ ਕਿਹਾ ਜਾਂਦਾ ਹੈ ਕਿ ਬਾਦਸ਼ਾਹ ਸ਼ੇਖ਼ ਜੀ ਨਾਲ ਏਨਾ ਗ਼ੁੱਸੇ ਹੋ ਗਿਆ ਸੀ ਕਿ ਉਸ ਨੇ ਲਖਨੌਤੀ ਤੋਂ ਮੁੜਦਿਆਂ ਸ਼ੇਖ਼ ਜੀ ਨੂੰ ਸੁਨੇਹਾ ਭੇਜ ਦਿਤਾ ਕਿ ਉਹਦੇ ਪੁੱਜਣ ਤੋਂ ਪਹਿਲਾਂ ਪਹਿਲਾਂ ਉਹ ਦਿੱਲੀ ਛੱਡ ਕੇ ਚਲੇ ਜਾਣ। ਦਸਿਆ ਜਾਂਦਾ ਹੈ ਕਿ ਇਸ ਦਾ ਉੱਤਰ ਪੀਰ ਜੀ ਨੇ ਬੜੇ ਦਾਰਸ਼ਨਿਕ ਢੰਗ ਨਾਲ ਇਹ ਦਿਤਾ, "ਅਜੇ ਦਿੱਲੀ ਬੜੀ ਦੂਰ ਹੈ।"[1] ਤੇ ਇੰਜ ਉਹਦਾ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਬੁਰਜ ਹੇਠ ਆ ਕੇ ਅੰਤ ਹੋ ਗਿਆ।

ਉਸੇ ਵਰ੍ਹੇ (੧੩੨੫) ਹਜ਼ਰਤ ਨਿਜ਼ਾਮਉੱਦੀਨ ਔਲੀਆ ਵੀ, ਜਿਨ੍ਹਾਂ ਬਾਰੇ ਮੈਂ ਪਿਛੋਂ ਦਸਾਂਗਾ, ੯੫ ਵਰ੍ਹੇ ਦੀ ਉਮਰ ਵਿਚ ਆਪਣਾ ਸਰੀਰ ਤਿਆਗ ਗਏ। ਉਸ ਸਮੇਂ ਅਮੀਰ ਖ਼ੁਸਰੋ ਦਿੱਲੀ ਵਿਚ ਨਹੀਂ ਸੀ; ਉਹ ਬਾਦਸ਼ਾਹ ਨਾਲ ਲਖਨੌਤੀ ਗਿਆ ਹੋਇਆ ਸੀ। ਜਦੋਂ ਉਹ ਲਖਨੌਤੀ ਤੋਂ ਵਾਪਸ ਪਰਤਿਆ, ਤਾਂ ਉਹਨੂੰ ਪੀਰ ਜੀ ਦੀ ਵਫ਼ਾਤ ਦਾ ਪਤਾ ਲੱਗਿਆ। ਉਹ ਮਹਾਨ ਪੀਰ ਜੀ ਦੀ ਕਬਰ ਉਤੇ ਗਿਆ ਤੇ ਅਕਹਿ ਸੋਗ ਵਿਚ, ਉਹਦੇ ਹੋਠਾਂ ਵਿਚੋਂ ਹਿੰਦੀ ਦਾ ਇਹ ਦੋਹਾ ਨਿਕਲਿਆ:

> ਗੋਰੀ ਸੋਵੇ ਸੇਜ ਪਰ, ਮੁਖ ਪਰ ਡਾਰੇ ਕੇਸ,
> ਚਲ ਖ਼ੁਸਰੋ ਘਰ ਆਪਣੇ, ਰੈਨ ਭਈ ਸਭ ਦੇਸ।"[2]

ਤੇ ਦਸਿਆ ਜਾਂਦਾ ਹੈ ਕਿ ਉਹਨੂੰ ਆਵਾਜ਼ ਆਈ ਕਿ ਉਹਦਾ ਵੀ ਅੰਤ ਹੁਣ ਬਹੁਤ ਨੇੜੇ ਹੈ ਤੇ ਉਹ ਉਹਨਾਂ ਤੋਂ (ਹਜ਼ਰਤ ਨਿਜ਼ਾਮਉੱਦੀਨ ਔਲੀਆ) ਪਿਛੋਂ ਬਹੁਤਾ ਚਿਰ ਨਹੀਂ ਜੀਵੇਗਾ; ਤੇ ਫੇਰ ਇਹੋ ਗੱਲ ਵਾਪਰ ਗਈ। ਉਹ ਕੁਝ ਮਹੀਨੇ ਹੀ ਮਗਰੋਂ, ੨੯ ਧੁਲਕਾਦ, ੭੨੫ ਹਿਜਰੀ ਨੂੰ ਵੀਰਵਾਰ ਦੀ

---

1. ਡਾ: ਵਾਹੀਦ ਮਿਰਜ਼ਾ ਵਲੋਂ 'ਫ਼ਰਿਸ਼ਤਾ ਤੇ ਬਦਾਯੂਨੀ' ਵਿਚੋਂ ਦਿਤਾ ਗਿਆ ਹਵਾਲਾ। ਪੁਸਤਕ: 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

2. ਡਾ: ਵਾਹੀਦ ਮਿਰਜ਼ਾ ਵਲੋਂ 'ਫ਼ਰਿਸ਼ਤਾ ਤੇ ਬਦਾਯੂਨੀ' ਵਿਚੋਂ ਦਿਤਾ ਹਵਾਲਾ। ਪੁਸਤਕ: 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ।'

ਰਾਤ ਨੂੰ ਵਫ਼ਾਤ ਪਾ ਗਿਆ, ਤੇ ਉਹਨੂੰ ਉਸ ਦੇ ਪੀਰ ਦੀ ਕਬਰ ਦੇ ਪੈਰਾਂ ਵਲ ਦਫ਼ਨਾ ਦਿਤਾ ਗਿਆ ।

ਇੰਜ ਘਟਨਾਵਾਂ ਭਰਪੂਰ ਜੀਵਨ ਵਾਲੇ ਇਸ ਇਨਸਾਨ ਦਾ ਅੰਤ ਹੋ ਗਿਆ ਜਿਸ ਕਿਸਮਤ ਦੇ ਅਨੇਕਾਂ ਉਤਰਾ-ਚੜ੍ਹਾ ਵੇਖੇ ਸਨ, ਸੈਆਂ ਤੱਤੀਆਂ ਹਵਾਵਾਂ ਝੱਲੀਆਂ ਸਨ, ਗ਼ੁਲਾਮ ਖ਼ਾਨਦਾਨ ਤੋਂ ਲੈ ਕੇ ਖ਼ਿਲਜੀਆਂ ਦੇ ਮਹਾਨ ਖ਼ਾਨਦਾਨਾਂ ਦੇ ਰਾਜਾਂ ਦੀ ਗੁੱਡੀ ਚੜ੍ਹਦੀ ਤੇ ਲਹਿੰਦੀ ਵੇਖੀ ਸੀ, ਜਿਹੜਾ ਜ਼ਾਲਮ ਮੰਗੋਲਾਂ ਦੇ ਧੱਕੇ ਵੀ ਚੜ੍ਹਿਆ ਸੀ ਤੇ ਜਿਸ ਨੇ ਬਾਦਸ਼ਾਹ ਤੇ ਸ਼ਾਹ-ਜ਼ਾਦਿਆਂ ਦੀਆਂ ਵਾਰਾਂ ਵੀ ਗਾਈਆਂ ਸਨ, ਆਪਣੀ ਕਾਵਿਕ-ਪ੍ਰਤਿਭਾ ਦੀਆਂ ਸਿਖਰਾਂ 'ਤੇ ਪਹੁੰਚਿਆ ਸੀ ਤੇ ਅੰਤ ਨੂੰ ਸਭ ਸਿਖਰਾਂ ਦੀ ਸਿਖਰ 'ਤੇ ਪਹੁੰਚਦਿਆਂ ਆਪਣੇ ਰੂਹਾਨੀ ਪੈਗੰਬਰ ਹਜ਼ਰਤ ਨਿਜ਼ਾਮਉੱਦੀਨ ਔਲੀਆ ਦਾ ਸੱਚਾ ਤੇ ਵਫ਼ਾਦਾਰ ਬਰਦਾ ਬਣਿਆ ਸੀ। ਅਮੀਰ ਖ਼ੁਸਰੋ ਵਰਗੇ ਬੰਦੇ ਵਿਰਲੇ ਹੀ ਪੈਦਾ ਹੁੰਦੇ ਹਨ ਤੇ ਜਦੋਂ ਪੈਦਾ ਹੁੰਦੇ ਹਨ ਤਾਂ ਆਉਣ ਵਾਲੇ ਸਦੀਵ ਸਮਿਆਂ ਲਈ ਆਪਣਾ ਮਹਾਨ ਅਸਰ ਛੱਡ ਜਾਂਦੇ ਹਨ ਤੇ ਆਪਣੇ ਆਪ ਨੂੰ ਅਮਰ ਕਰ ਜਾਂਦੇ ਹਨ। ਅਮੀਰ ਖ਼ੁਸਰੋ ਹਰ ਰੁੱਤੇ ਸਦਾ-ਬਹਾਰ ਹੈ; ਉਹ ਆਪਣੀ ਮੌਤ ਪਿਛੋਂ ਵੀ ਦੂਰ ਨੇੜੇ ਦੇ ਹਰੇਕ ਇਨਸਾਨ ਕੋਲੋਂ ਸਨਿਮਰ ਸ਼ਰਧਾਂਜਲੀਆਂ ਪ੍ਰਾਪਤ ਕਰ ਰਿਹਾ ਹੈ।

੪

ਅਸੀਂ ਅਮੀਰ ਖ਼ੁਸਰੋ ਨੂੰ ਉਹਦੇ ਅਧਿਆਤਮਕ ਰਹਿਬਰ ਹਜ਼ਰਤ ਨਿਜ਼ਾਮਉੱਦੀਨ ਔਲੀਆ ਤੋਂ ਨਿਖੇੜ ਕੇ ਉੱਕਾ ਨਹੀਂ ਦੇਖ ਸਕਦੇ। ਖ਼ੁਸਰੋ ਵਲ ਉਹਦੀ ਦੇਣ ਏਥੇ ਬਿਆਨ ਨਹੀਂ ਕੀਤੀ ਜਾ ਸਕਦੀ। ਫ਼ਕੀਰ ਜੀ ਦੀ ਸਭ ਤੋਂ ਮਹਾਨ ਕਿਰਤ ਖ਼ੁਸਰੋ ਆਪ ਹੀ ਹੈ ਜੋ ਖ਼ੁਦ ਹੀ ਫ਼ਕੀਰ ਜੀ ਪ੍ਰਤੀ ਆਪਣੀ ਦੇਣਦਾਰੀ ਮੰਨਦਾ ਹੈ। ਉਸ ਨੂੰ ਫ਼ਕੀਰ ਜੀ ਨਾਲੋਂ ਨਖੇੜ ਦਿਓ ਤਾਂ ਉਹ ਕੁਝ ਵੀ ਨਹੀਂ ਰਹਿੰਦਾ। ਜੋ ਮਹਾਨ ਅਸਰ ਉਹਨਾਂ ਖ਼ੁਸਰੋ 'ਤੇ ਪਾਇਆ ਕਦੇ ਸ਼ਾਜ਼ੋ-ਨਾਦਰ ਹੀ ਵੇਖਿਆ ਗਿਆ ਹੈ ਤੇ ਜਿਹੜਾ ਫ਼ਕੀਰੀ ਪਰਭਾਵ ਉਹਨਾਂ ਕਵੀ ਦੇ ਮਨ ਉਤੇ ਪਾਇਆ — ਨਹੀਂ ਸਗੋਂ ਇਉਂ ਕਹੀਏ ਕਿ ਜਿਹੜਾ ਪਰਭਾਵ ਉਹਨਾਂ ਉਹਦੀ ਸਾਰੀ ਸ਼ਖਸੀਅਤ 'ਤੇ ਪਾਇਆ — ਉਹਨੇ ਬੜਾ ਡੂੰਘਾ ਅਸਰ ਪਾ ਕੇ ਉਹਦੇ ਚਰਿੱਤਰ ਨੂੰ ਉਸਾਰਿਆ। ਇਸ ਸਦੀਵੀ ਪਰਭਾਵ ਦੇ ਨਕਸ਼-ਪਾ ਅਜੇ ਤਕ ਵੀ ਸਾਫ਼ ਤੇ ਪਰਤੱਖ ਦਿਸਦੇ ਹਨ। ਜੇ ਉਸ ਮੁਖ ਹਸਤੀ ਨੂੰ ਉਹਦੇ ਸਾਰੇ ਮੁਤਬਰਕ ਰੰਗਾਂ ਵਿਚ ਚਿਤਰ ਕੇ ਨਾ ਉਘਾੜਿਆ ਜਾਏ, ਜਿਸ ਖ਼ੁਸਰੋ ਦੇ ਜੀਵਨ ਵਿਚ ਏਨਾ ਮਹੱਤਵਪੂਰਨ ਹਿੱਸਾ ਪਾਇਆ ਤਾਂ ਖ਼ੁਸਰੋ ਦੇ ਜੀਵਨ ਦੀ ਕਹਾਣੀ ਲਗ ਪਗ ਅਣਦੱਸੀ ਹੀ ਰਹੇਗੀ। ਮੁਹੰਮਦ ਨਿਜ਼ਾਮਉੱਦੀਨ, ਜੋ 'ਮਹਿਬੂਬ-ਏ-ਇਲਾਹੀ', 'ਸੁਲਤਾਨ-ਉਲ-ਔਲੀਆ' ਤੇ 'ਸੁਲਤਾਨ-ਉਲ-ਮਸਾਇਖ਼' ਨਾਵਾਂ ਨਾਲ ਪ੍ਰਸਿਧ ਸੀ, ੬੩੬ ਹਿਜਰੀ ਵਿਚ ਬਦਾਯੂੰ ਵਿਚ ਪੈਦਾ ਹੋਇਆ ਸੀ। ਜਦੋਂ ਉਹ ਪੰਜਾਂ ਵਰ੍ਹਿਆਂ ਦਾ ਹੋਇਆ ਤਾਂ ਉਹਦੇ ਪਿਤਾ ਅਹਿਮਦ-ਬਿਨ-ਅਲੀ ਦਾ ਦਿਹਾਂਤ ਹੋ ਗਿਆ ਤੇ ਉਹਦੀ ਪਰਵਰਿਸ਼ ਦੀ ਸਾਰੀ ਜ਼ਿੰਮੇਵਾਰੀ ਉਸ ਦੀ ਜਾਂ-ਨਿਸਾਰ ਮਾਂ ਉਤੇ ਆ ਪਈ ਤੇ ਉਹਨੇ ਅਨੇਕ ਮੁਸ਼ਕਲਾਂ ਮੁਸੀਬਤਾਂ ਦੇ ਬਾਵਜੂਦ ਉਹਦੀ ਮੁੱਢਲੀ ਤਾਲੀਮ ਦਾ ਪਰਬੰਧ ਕੀਤਾ। ਮੌਲਾਨਾ ਅਲਾਉੱਦੀਨ ਉਸ਼ਲੀ, ਉਹਦਾ ਪਹਿਲਾ ਉਸਤਾਦ ਸੀ ਤੇ ਉਹਨੇ ਪੂਰੇ ਗਹੁ ਤੇ ਮੋਹ ਨਾਲ ਉਸ ਦੀ ਦੇਖ ਭਾਲ ਕੀਤੀ।

ਹਜ਼ਰਤ ਮਹਿਬੂਬ-ਏ ਇਲਾਹੀ ਦੀ ਮੁੱਢਲੀ ਜ਼ਿੰਦਗੀ ਭਰਪੂਰ ਆਤਮ

ਤਾਂ ਤੂੰ ਕੀ ਜੁਆਬ ਦੇਵੇਂਗਾ ?" ਇਹ ਗੱਲ ਸੁਣ ਕੇ ਹਜ਼ਰਤ ਮਹਿਬੂਬ-ਏ-ਇਲਾਹੀ ਨੇ ਬੜੀ ਹਲੀਮੀ ਨਾਲ ਉੱਤਰ ਦਿਤਾ, "ਉਹੋ ਕੁਝ ਕਹਿ ਦਿਆਂਗਾ ਬਾਬਾ ਹਜ਼ੂਰ ਜੋ ਤੁਹਾਡਾ ਹੁਕਮ ਹੋਵੇਗਾ।" ਬਾਬਾ ਸਾਹਿਬ ਨੇ ਫ਼ਰਮਾਇਆ, "ਹੱਛਾ, ਜਦੋਂ ਤੈਥੋਂ ਕੋਈ ਅਜਿਹਾ ਸੁਆਲ ਪੁੱਛੇ ਤਾਂ ਤੇਰਾ ਜੁਆਬ ਇਹ ਹੋਣਾ ਚਾਹੀਦਾ ਹੈ:

ਨਾ ਹਮਰਾਹੀ ਤੂ ਮਰਾ ਰਾਹੇ-ਖ਼ੇਸ਼ ਗੀਰ-ਓ-ਬੇਰੋ,
ਤੋਰਾ ਸਲਾਮਤੀ ਬਾਦਾ, ਮਰਾ ਨੀਗੂੰ ਸਰੀ।

(ਤੂੰ ਹਣ ਤੋਂ ਮੇਰਾ ਸੰਗੀ ਨਹੀਂ ਰਿਹਾ; ਆਪਣੇ ਰਸਤੇ ਪੈ; ਖ਼ੋਰੇ ਤੂੰ ਦੌਲਤ ਵੰਡਾ ਲਏਂ ਤੇ ਮੈਂ ਕੰਗਾਲ ਹੋ ਜਾਵਾਂ)।

ਅਜੋਧਾਨ ਦੀ ਇਕ ਹੋਰ ਜ਼ਿਆਰਤ ਸਮੇਂ ਬਾਬਾ ਸਾਹਿਬ ਨੇ ਹਜ਼ਰਤ ਮਹਿਬੂਬ-ਏ-ਇਲਾਹੀ ਦੇ ਮੂੰਹ 'ਤੇ ਥੁੱਕ ਦਿਤਾ ਤੇ ਉਹਨੂੰ ਕਿਹਾ ਕਿ ਉਸ ਉਤੇ ਖ਼ੁਦਾ ਨੇ ਰੂਹਾਨੀ ਤੇ ਦੁਨਿਆਵੀ ਖ਼ੁਸ਼ੀਆਂ ਦੀ ਬਖ਼ਸ਼ਿਸ਼ ਕੀਤੀ ਹੈ। ਹੁਣ ਉਹ ਪਵਿੱਤਰ ਕੁਰਾਨ ਜ਼ਬਾਨੀ ਹਿਫ਼ਜ਼ ਕਰੇ। ਤੇ ਫੇਰ ਉਹਨੂੰ ਬਾਬਾ ਸਾਹਿਬ ਨੇ ਹੁਕਮ ਕੀਤਾ ਕਿ ਉਹ ਦਿੱਲੀ ਜਾ ਕੇ ਵਸ ਜਾਏ। ਉਹਨਾਂ ਹੋਰ ਹਦਾਇਤ ਇਹ ਕੀਤੀ ਕਿ ਉਹ ਆਤਮ-ਤਿਆਗ ਤੇ ਆਤਮ-ਬਲੀਦਾਨ ਦਾ ਜੀਵਨ ਬਸਰ ਕਰੇ। ਫੇਰ ਉਹਨੂੰ ਖ਼ਿਲਾਫ਼ਤ-ਨਾਮਾ ਦਿਤਾ ਗਿਆ ਜਿਹੜਾ, ਜਦੋਂ ਹਾਂਸੀ ਵਿਚ ਮੌਲਾਨਾ ਜਮਾਲਉੱਦੀਨ ਨੂੰ ਵਿਖਾਇਆ ਗਿਆ ਤਾਂ ਉਹਨਾਂ ਅਤਿਅੰਤ ਪ੍ਰਸੰਨ ਹੋ ਕੇ ਕਿਹਾ:

ਖ਼ੁਦਾਏ-ਜਹਾਨ ਰਾ ਹਜ਼ਾਰਾਂ ਸਿਪਾਸ,
ਕੀ ਗੋਹਰ ਸਿਪੁਰਦਾ ਬਾ ਗੋਹਰ ਸ਼ਨਾਸੀ।

(ਉਸ ਸਰਬ ਸ਼ਕਤੀਮਾਨ ਖ਼ੁਦਾ ਦਾ ਲੱਖ-ਲੱਖ ਸ਼ੁਕਰ ਹੈ ਕਿ ਉਹਨੇ ਇਹ ਮੋਤੀ ਉਸੇ ਨੂੰ ਹੀ ਦਿਤਾ ਹੈ ਜੋ ਇਸ ਦੀ ਕਦਰ ਜਾਣਦਾ ਸੀ)।

ਬਾਬਾ ਸਾਹਿਬ ਨੇ ਹਜ਼ਰਤ ਮਹਿਬੂਬ-ਏ-ਇਲਾਹੀ ਨੂੰ ਕਿਹਾ, "ਤੂੰ ਉਹ ਵੱਡਾ ਛਾਂ ਵਾਲਾ ਰੁੱਖ ਹੋਏਂਗਾ ਜਿਹਦੇ ਹੇਠ, ਖ਼ੁਦਾ ਦੇ ਸਾਰੇ ਜੀਵ-ਜੰਤ ਸੁਖ ਮਾਣਿਆਂ ਕਰਨਗੇ।"

ਜਿਵੇਂ ਹਜ਼ਰਤ ਮਹਿਬੂਬ-ਏ-ਇਲਾਹੀ ਨੂੰ ਹੁਕਮ ਹੋਇਆ ਸੀ ਉਹ ਦਿੱਲੀ ਲਈ ਤੁਰ ਪਿਆ ਜਿਥੇ ਉਹਨੇ ਰੂਹਾਨੀ ਜਿੱਤਾਂ ਪ੍ਰਾਪਤ ਕਰਨੀਆਂ ਤੇ ਲੋਕਾਂ ਨੂੰ

ਰੂਹਾਨੀ ਨੂਰ ਦਾ ਰਾਹ ਦਸਣਾ ਸੀ। ਜਦੋਂ ਉਹ ਦਿੱਲੀ ਪੁੱਜਿਆ ਤਾਂ ਉਹਨੂੰ ਕਈ ਥਾਵਾਂ ਉਤੇ ਠਹਿਰਨਾ ਪਿਆ, ਪਰ ਅੰਤ ਉਹਨੇ ਗਿਆਸਪੁਰ ਵਿਚ ਪੱਕਾ ਕਿਆਮ ਕੀਤਾ। ਇਹ ਫ਼ੈਸਲਾ ਕਰਨ ਤੋਂ ਪਹਿਲਾਂ, ਉਹ ਅਸਲ ਵਿਚ ਜ਼ਿੰਦਗੀ ਦੇ ਰੌਲੇ-ਰੱਪੇ ਤੇ ਘੜਮੱਸ ਤੋਂ ਪੂਰੀ ਤਰ੍ਹਾਂ ਦੂਰ, ਕਿਸੇ ਇਕਾਂਤ ਥਾਂ ਪੱਕਾ ਡੇਰਾ ਜਮਾਣਾ ਚਾਹੁੰਦਾ ਸੀ, ਪਰ ਇਕ ਦਿਨ ਉਸ ਕੋਲ ਇਕ ਅਜਨਬੀ ਨੌਜਵਾਨ ਆਇਆ ਤੇ ਕਹਿਣ ਲੱਗਾ :

ਅਨ ਰੋਜ਼ੇ ਕੀ ਮਾਹ ਸ਼ੁਦੀ ਨਾਮੀ ਦਾਨਿਸਤੀ ?
ਕੰਗੁਸ਼ਤ ਨੁਮਾ-ਏ-ਜਹਾਨ ਖਾਹੀ ਸ਼ੁਦ।

(ਜਿਵੇਂ ਤੂੰ ਪੂਰਾ ਚੰਦ ਬਣ ਗਿਆ ਸੈਂ ਕੀ ਤੈਨੂੰ ਓਦੋਂ ਇਸ ਗੱਲ ਦਾ ਪਤਾ ਨਹੀਂ ਸੀ ਕਿ ਦੁਨੀਆਂ ਤੇਰੇ ਵਲ ਉਂਗਲਾਂ ਕਰ ਕਰ ਇਸ਼ਾਰੇ ਕਰੇਗੀ)।

ਤੇ ਫੇਰ ਉਸ ਨੌਜਵਾਨ ਨੇ ਉਹਨੂੰ ਕਿਹਾ ਕਿ ਦਲੇਰੀ ਕਰੇ ਤੇ ਸਨਿਆਸ ਲੈ ਕੇ ਦੁਨੀਆਂ ਤੋਂ ਦੂਰ ਨਾ ਨੱਸੇ। ਫੇਰ ਜਦੋਂ ਉਹਨੇ ਗਿਆਸਪੁਰ ਵਿਚ ਪੱਕਾ ਕਿਆਮ ਕਰ ਲਿਆ ਤਾਂ ਇਹ ਥਾਂ ਸਭ ਆਮ-ਖ਼ਾਸ ਦੀ ਜ਼ਿਆਰਤ ਦਾ ਕੇਂਦਰ ਬਣ ਗਿਆ। ਸ਼ਾਹਜ਼ਾਦੇ ਤੇ ਉਮਰਾਵ ਅਤਿ-ਸਾਊ ਤੇ ਗਿਆਨਵਾਨ ਪੁਰਸ਼ ਤੇ ਸਾਧਾਰਨ ਲੋਕ ਆਉਣ ਲਗ ਪਏ ਤੇ ਉਹਦੀਆਂ ਅਸੀਸਾਂ ਲਈ ਤਾਂਘਦੇ ਉਹਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਨ ਲੱਗੇ। ਗਿਆਸਪੁਰ ਵਿਚ ਕਿਆਮ ਕਰਨ ਤੋਂ ਬਹੁਤ ਚਿਰ ਪਿਛੋਂ ਤਕ ਵੀ ਉਹ ਅਸਲ ਵਿਚ ਅਜਿਹਾ ਜੀਵਨ ਬਿਤਾਉਂਦਾ ਰਿਹਾ ਕਿ ਉਹਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਸਨ ਹੁੰਦੀਆਂ। ਪਰ ਫੇਰ ਇਕ ਸਮਾਂ ਅਜਿਹਾ ਆ ਗਿਆ ਕਿ ਇਹਨਾਂ ਤੰਗੀ ਦੇ ਦਿਨਾਂ ਦਾ ਅੰਤ ਹੋ ਗਿਆ। ਜੋ ਵੀ ਉਸ ਦੇ ਦੀਦਾਰ ਲਈ ਆਉਂਦਾ ਉਹ ਕੁਝ ਨਾ ਕੁਝ ਭੇਟ ਕੀਤੇ ਬਿਨਾਂ ਨਾ ਮੁੜਦਾ। ਜਦੋਂ ਵੀ ਉਸ ਕੋਲ ਕੋਈ ਸ਼ੈ ਆ ਜਾਂਦੀ ਉਹ ਉਸੇ ਵੇਲੇ ਮੁਫ਼ਲਸਾਂ ਤੇ ਲੋੜਵੰਦਾਂ ਨੂੰ ਵੰਡ ਦਿਤੀ ਜਾਂਦੀ ਤੇ ਜਦੋਂ ਭੋਰਾ ਵੀ ਬਾਕੀ ਨਾ ਰਹਿੰਦਾ ਤਾਂ ਉਹਨੂੰ ਰੂਹਾਨੀ ਸ਼ਾਂਤੀ ਤੇ ਸੰਤੁਸ਼ਟੀ ਦਾ ਅਨੁਭਵ ਹੁੰਦਾ। ਆਪ ਉਹ ਤਕਰੀਬਨ ਸਦਾ ਫ਼ਾਕੇ ਹੀ ਰਖਦੇ ਸਨ, ਪਰ ਹੋਰਨਾਂ ਲਈ ਬਿਨਾਂ ਕਿਸੇ ਵਿਤਕਰੇ ਤੇ ਭੇਦ-ਭਾਵ ਦੇ, ਦਸਤਰਖ਼ਵਾਨ ਵਿਛੇ ਹੀ ਰਹਿੰਦੇ ਸਨ।

ਹਜ਼ਰਤ ਮਹਿਬੂਬ-ਏ-ਇਲਾਹੀ ਨੇ ਦਿੱਲੀ 'ਚ ਪੁੱਜਣ ਤੋਂ ਲੈ ਕੇ ਆਪਣੀ

ਮੌਤ ਤਕ, ਪੰਜ ਬਾਦਸ਼ਾਹਾਂ ਦੀ ਹਕੂਮਤ ਵੇਖੀ, ਜਿਹੜੇ ਇਕ-ਦੂਜੇ ਪਿਛੋਂ ਦਿੱਲੀ ਦੇ ਤਖ਼ਤ 'ਤੇ ਬੈਠੇ। ਇਹ ਉਹਦੀ ਸ਼ਖ਼ਸੀਅਤ ਦਾ ਹਠ ਤੇ ਮਹਾਨਤਾ ਸੀ ਕਿ ਸਿਰਫ਼ ਇਕ ਵਾਰੀ ਤੋਂ ਬਿਨਾਂ ਉਹ ਕਦੇ ਵੀ ਸ਼ਾਹੀ ਦਰਬਾਰ ਵਿਚ ਨਹੀਂ ਸਨ ਗਏ ਤੇ ਨਾ ਹੀ ਕਿਸੇ ਬਾਦਸ਼ਾਹ ਨੂੰ ਆਪਣੇ ਕੋਲ ਆਉਣ ਦਿਤਾ ਸੀ। ਸੁਲਤਾਨ ਜਲਾਲਉੱਦੀਨ ਖ਼ਿਲਜੀ ਤੇ ਅਲਾਉੱਦੀਨ ਖ਼ਿਲਜੀ ਦੋਵੇਂ ਹੀ ਉਹਨਾਂ ਦੀ ਸੰਗਤ ਵਿਚ ਆਉਣ ਲਈ ਸਿਰਤੋੜ ਯਤਨ ਕਰਦੇ ਰਹੇ, ਪਰ ਉਹਨਾਂ ਕਦੇ ਵੀ ਉਹਨਾਂ ਨੂੰ ਆਗਿਆ ਨਾ ਦਿਤੀ। ਇਕ ਵਾਰ ਉਹਨਾਂ ਕਿਹਾ ਕਿ ਉਹਨਾਂ ਦੀ ਕੁਟੀਆ ਦੇ ਦੋ ਬੂਹੇ ਸਨ, ਬਾਦਸ਼ਾਹ ਇਕ ਵਿਚੋਂ ਦੀ ਆਏ ਤੇ ਦੂਜੇ ਵਿਚੋਂ ਨਿਕਲ ਜਾਏ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸੁਲਤਾਨ ਕੁਤਬਉੱਦੀਨ ਮੁਬਾਰਕ ਸ਼ਾਹ ਖ਼ਿਲਜੀ ਦੇ ਆਪਣੇ ਪਿਤਾ ਦੇ ਉਲਟ, ਹਜ਼ਰਤ ਮਹਿਬੂਬ-ਏ-ਇਲਾਹੀ ਨਾਲ ਚੰਗੇ ਸੰਬੰਧ ਨਹੀਂ ਸਨ, ਕਿਉਂਕਿ ਉਹਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਫ਼ਕੀਰ ਜੀ ਖ਼ਿਦਰ ਖ਼ਾਨ ਉਤੇ ਮਿਹਰਬਾਨ ਸਨ, ਜਿਸ ਦੀਆਂ ਉਹਨੇ ਅੱਖਾਂ ਕਢਵਾਈਆਂ ਸਨ ਤੇ ਦਿੱਲੀ ਦੇ ਤਖ਼ਤ ਤੋਂ ਲਾਹ ਦਿਤਾ ਸੀ। ਖ਼ਿਦਰ ਖ਼ਾਨ ਵੀ ਉਹਨਾਂ ਦਾ ਮੁਰੀਦ ਸੀ। ਉਹ ਫ਼ਕੀਰ ਜੀ ਦੇ ਵਿਰੁਧ ਏਨਾ ਮੁਤਅੱਸਬ ਸੀ ਕਿ ਉਹਨੇ ਇਕ ਹੁਕਮ ਜਾਰੀ ਕਰ ਦਿਤਾ ਕਿ ਕਿਸੇ ਵੀ ਸ਼ਖ਼ਸ ਨੂੰ ਫ਼ਕੀਰ ਜੀ ਦੇ ਦੀਦਾਰ ਕਰਨ ਲਈ ਗ਼ਿਆਸਪੁਰ ਨਹੀਂ ਜਾਣਾ ਚਾਹੀਦਾ। ਉਹਨੇ ਇਹ ਹੁਕਮ ਵੀ ਜਾਰੀ ਕੀਤਾ ਕਿ ਸਭ ਪੀਰ-ਫ਼ਕੀਰ ਤੇ ਵਿਦਵਾਨਾਂ ਨੂੰ ਮਹੀਨੇ ਵਿਚ ਇਕ ਵਾਰ ਉਹਦੇ ਦਰਬਾਰ ਵਿਚ ਹਾਜ਼ਰ ਹੋਣਾ ਚਾਹੀਦਾ ਹੈ। ਅਮੀਰ ਖ਼ੁਸਰੋ ਨੇ ਲਿਖਿਆ ਹੈ ਕਿ ਉਹ ਅਕਸਰ ਇਹ ਗੱਲ ਕਹਿੰਦਾ ਹੁੰਦਾ ਸੀ ਕਿ ਜਿਹੜਾ ਵੀ ਕੋਈ ਫ਼ਕੀਰ ਜੀ ਦਾ ਸਿਰ ਵੱਢ ਲਿਆਏਗਾ ਉਹਨੂੰ ਇਕ ਹਜ਼ਾਰ ਟਾਂਕ ਦਾ ਇਨਾਮ ਦਿਤਾ ਜਾਏਗਾ। ਅੰਤ ਨੂੰ ਉਹਨੇ ਆਪਣੇ ਮਨ ਦੀ ਗੱਲ ਕਰ ਹੀ ਲਈ ਤੇ ਇਹ ਧਮਕੀ ਦਿਤੀ ਕਿ ਜੇ ਫ਼ਕੀਰ ਜੀ ਅਗਲੇ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਦਰਬਾਰ ਵਿਚ ਹਾਜ਼ਰ ਨਾ ਹੋਏ ਤਾਂ ਉਹਨੂੰ ਇਹ ਢੰਗ ਚੰਗੀ ਤਰ੍ਹਾਂ ਆਉਂਦਾ ਸੀ ਕਿ ਉਹ ਫ਼ਕੀਰ ਜੀ ਨੂੰ ਕਿਵੇਂ ਦਰਬਾਰ ਵਿਚ ਲਿਆਂਦਾ ਜਾ ਸਕਦਾ ਹੈ। ਬਾਦਸ਼ਾਹ ਦਾ ਇਹ ਧਮਕੀ-ਭਰਿਆ ਤੇ ਹੱਥੀਂ-ਥੜ੍ਹੇ ਪਾ ਦੇਣ ਵਾਲਾ ਫ਼ੈਸਲਾ ਜਦੋਂ ਫ਼ਕੀਰ ਜੀ ਕੋਲ ਪੁਚਾਇਆ ਗਿਆ ਤਾਂ ਉਹਨਾਂ ਇਹਦੀ

ਰਤੀ ਪ੍ਰਵਾਹ ਨਾ ਕੀਤੀ। ਸਮਾਂ ਬੀਤਣ ਲੱਗਾ, ਦਿਨ ਇਕ ਇਕ ਕਰ ਕੇ ਕਿਰਨ ਲਗ ਪਏ ਤੇ ਫ਼ੈਸਲੇ ਦੀ ਘੜੀ ਨੇੜੇ ਆਉਂਦੀ ਗਈ। ਨਵਾਂ ਚੰਦ ਦਿਸ ਪਿਆ ਸੀ, ਫ਼ਕੀਰ ਜੀ ਨੂੰ ਅਜੇ ਵੀ ਨਹੀਂ ਸੀ ਮਨਾਇਆ ਜਾ ਸਕਿਆ ਤੇ ਨਾ ਬਾਦਸ਼ਾਹ ਹੀ ਆਪਣੀ ਹੈਂਕੜ ਸਦਕਾ ਇਹ ਫ਼ੈਸਲਾ ਬਦਲਣ ਲਈ ਰਜ਼ਾਮੰਦ ਹੋਇਆ। ਉਹ ਦੋਵੇਂ ਚੱਟਾਨ ਵਾਂਗ ਅਹਿੱਲ ਸਨ ਤੇ ਦੁਨੀਆਂ ਫ਼ੈਸਲੇ ਦੀ ਘੜੀ ਦੀ ਉਡੀਕ ਕਰਨ ਲਗ ਪਈ। ਫ਼ੈਸਲੇ ਦੀ ਘੜੀ ਤਾਂ ਕਦੇ ਨਾ ਆਈ, ਪਰ ਕੁਤਬਊੱਦੀਨ ਖ਼ਿਲਜੀ ਦੇ ਅੰਤ ਲਈ ਮਿਥਿਆ ਪਲ ਜ਼ਰੂਰ ਆ ਗਿਆ, ਤੇ ਐਨ ਉਸੇ ਰਾਤ ਉਹਨੂੰ ਉਹਦੇ ਵੱਡੇ ਚਹੇਤੇ ਖ਼ੁਸਰੋ ਖ਼ਾਨ ਨੇ ਬੇਰਹਿਮੀ ਨਾਲ ਕਤਲ ਕਰ ਦਿਤਾ ਤੇ ਉਹਦਾ ਸਿਰ ਵੱਢ ਕੇ "ਹਜ਼ਾਰਾਂ ਥੰਮ੍ਹਾਂ" ਵਾਲੇ ਮਹਿਲ ਤੋਂ ਹੇਠ, ਭੁੰਜੇ ਵਗਾਹ ਮਾਰਿਆ। ਮੁਬਾਰਕ ਖ਼ਿਲਜੀ ਦੀ ਮੰਦਭਾਗੀ ਮੌਤ ਦਾ ਦਿਨ ਤੇ ਤਾਰੀਖ਼, ਅਮੀਰ ਖ਼ੁਸਰੋ ਵਲੋਂ ਉਹਦੀ ਮਥਨਵੀ 'ਤੁਗ਼ਲਕ ਨਾਮਾ' ਵਿਚ ਪੱਕੀ ਕੀਤੀ ਗਈ ਹੈ। ਇਹ ਮਥਨਵੀ ਉਸ ਗ਼ਿਆਸਉੱਦੀਨ ਤੁਗ਼ਲਕ ਦੀ ਹਕੂਮਤ ਦੇ ਦੌਰਾਨ ਲਿਖੀ। ਅਮੀਰ ਖ਼ੁਸਰੋ ਕਹਿੰਦਾ ਹੈ ਕਿ ਇਹ ੭੨੦ ਹਿਜਰੀ ਦਾ ਵਰ੍ਹਾ ਸੀ, ਨਵਾਂ ਚੰਦ ਦਿਸ ਪਿਆ ਸੀ ਤੇ ਇਹ ਸੁਲਤਾਨ ਮੁਬਾਰਕ ਸ਼ਾਹ ਖ਼ਿਲਜੀ ਤੋਂ ਬਿਨਾਂ ਹੋਰ ਸਭ ਲਈ ਸ਼ਗਨਾਂ-ਭਰਿਆ ਸੀ।[1]

ਜਿਹੜੇ ਤੱਥ ਸਾਨੂੰ ਮਿਲਦੇ ਹਨ ਉਹਨਾਂ ਤੋਂ ਇਸ ਗੱਲ ਦਾ ਸਾਫ਼ ਪਤਾ ਲਗਦਾ ਹੈ ਕਿ ਹਜ਼ਰਤ ਮਹਿਬੂਬ-ਏ-ਇਲਾਹੀ ਨੇ ਲੋਕਾਂ ਦੇ ਦਿਲਾਂ ਉਤੇ ਬੜਾ ਡੂੰਘਾ ਅਸਰ ਪਾਇਆ। ਇਹ ਭਗਵੇ ਵੇਸ ਵਾਲਾ ਸਾਦਾ ਇਨਸਾਨ ਸ਼ਾਨਾਂ-ਵਾਲੇ ਬਾਦਸ਼ਾਹਾਂ ਤੇ ਸ਼ਹਿਨਸ਼ਾਹਾਂ ਤੋਂ ਬੇਪ੍ਰਵਾਹ, ਜੀਵਨ ਦੇ ਸੁਖ-ਸਾਧਨਾਂ ਤੋਂ ਬੇ ਧਿਆਨ ਸੀ। ਖ਼ੁਦਾ ਦੀ ਰਜ਼ਾ ਮੰਨ ਕੇ ਸਿਰ ਝੁਕਾਣ ਵਾਲਾ ਇਨਸਾਨ, ਆਪਣੀ ਕੁਟੀਆ ਵਿਚ ਸੰਤੁਸ਼ਟ ਹੋ ਕੇ ਬਿਰਾਜਮਾਨ ਰਹਿੰਦਾ ਤੇ ਲੋਕਾਂ ਦੇ ਦਿਲਾਂ ਉਤੇ ਰਾਜ ਕਰਦਾ ਸੀ, ਉਹਨਾਂ ਨੂੰ ਰੂਹਾਨੀ ਦੁੱਖਾਂ ਤੋਂ ਨਿਜਾਤ ਦੁਆ ਕੇ ਰਾਜ਼ੀ ਕਰਦਾ ਸੀ ਤੇ ਇਸ ਅਦਭੁਤ ਬ੍ਰਹਿਮੰਡ ਦੇ ਭੇਦ ਉਹਨਾਂ

1. 'ਤਾਰੀਖ਼ੇ-ਦਾਵਾਤ-ਓ-ਅਜ਼ਮਤ। ਲੇਖਕ, ਮੌਲਾਨਾ ਸੱਯਦ ਅਬੁਲ ਹਸਨ ਅਲੀ ਨਦਵੀ।

ਸਾਹਮਣੇ ਖੋਹਲਦਾ ਸੀ; ਆਪੂੰ ਫ਼ਾਕੇ ਕਟਦਾ, ਦੂਜਿਆਂ ਨੂੰ ਸੰਤੁਸ਼ਟ ਕਰਦਾ ਤੇ ਜਦੋਂ ਤਕ ਅੰਨ ਦਾ ਦਾਣਾ-ਦਾਣਾ ਵੰਡ ਨਾ ਦਿਤਾ ਜਾਂਦਾ ਉਦੋਂ ਤਕ ਉਹਨੂੰ ਚੈਨ ਨਹੀਂ ਸੀ ਪੈਂਦੀ ।

ਉਹ ਕਿਸੇ ਬਾਦਸ਼ਾਹ ਦਾ ਭੈ ਨਹੀਂ ਸੀ ਮੰਨਦਾ ਸਿਰਫ਼ ਇਕੋ ਵਾਰ ਉਹ ਸ਼ਾਹੀ ਦਰਬਾਰ ਵਿਚ ਗਿਆ ਸੀ ਤੇ ਉਹ ਵੀ ਇਕ ਧਾਰਮਕ ਸਮੱਸਿਆ — 'ਮਹਿਫਲ-ਏ-ਸਿਮਾਂ', ਦੇ ਸਬੰਧ ਵਿਚ, ਜੋ ਉਹਦੇ ਮਠ ਵਿਚ ਨੇਮ ਨਾਲ ਲਗਦੀ ਸੀ । ਇਸ ਦੇ ਵਿਰੁਧ ਕੁਝ ਲੋਕਾਂ ਨੇ ਗਿਆਸਉੱਦੀਨ ਤੁਗਲਕ ਦੇ ਕੰਨ ਭਰ ਦਿਤੇ ਸਨ, ਉਹਨਾਂ ਬਾਦਸ਼ਾਹ ਨੂੰ ਜਚਾ ਦਿਤਾ ਸੀ ਕਿ ਹਜ਼ਰਤ ਮਹਿਬੂਬ-ਏ-ਇਲਾਹੀ ਨੂੰ ਇਸ ਬਾਰੇ ਆਪਣਾ ਪੱਖ ਬਿਆਨ ਕਰਨ ਲਈ ਤੇ 'ਸਿਮਾਂ' ਸਬੰਧੀ ਉਹਦੇ ਯੋਗ ਹੋਣ ਦਾ ਸਬੂਤ ਪੇਸ਼ ਕਰਨ ਲਈ ਕਹੇ । ਫ਼ਕੀਰ ਜੀ ਲਈ ਸ਼ਾਹੀ ਦਰਬਾਰ ਵਿਚ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਿਹਾ ਤੇ ਇਥੇ ਵੀ ਉਹ ਸਹੀ ਰਸਤੇ ਤੋਂ ਲਾਂਭੇ ਨਾ ਹਟੇ । ਬੜੀ ਗਰਮਾ-ਗਰਮ ਬਹਿਸ ਹੋਈ, ਮਹਾਨ ਵਿਦਵਾਨ ਤੇ ਸਣੇ ਬਾਦਸ਼ਾਹ ਦੇ ਪ੍ਰਸਿੱਧ ਸਿਆਣੇ ਤੇ ਬੁਧੀਮਾਨ ਪੁਰਸ਼ਾਂ ਨੇ ਬਹਿਸ ਵਿਚ ਭਾਗ ਲਿਆ ਤੇ ਅੰਤ ਨੂੰ ਹਜ਼ਰਤ ਮਹਿਬੂਬ-ਏ-ਇਲਾਹੀ ਦੇ ਹੱਕ ਵਿਚ ਫ਼ੈਸਲਾ ਹੋਇਆ । ਸੋ ਇਸ ਤਰ੍ਹਾਂ ਬਾਦਸ਼ਾਹ ਨੂੰ 'ਸਿਮਾਂ' ਉਤੇ ਪਾਬੰਦੀ ਲਾਉਣ ਲਈ ਹੁਕਮ ਜਾਰੀ ਕਰਨ ਲਈ ਰਜ਼ਾਮੰਦ ਨਾ ਕੀਤਾ ਜਾ ਸਕਿਆ ।

ਸਾਡੇ ਕਵੀ ਅਮੀਰ ਖ਼ੁਸਰੋ ਨੇ ਫ਼ਕੀਰ ਜੀ ਦੀ ਏਨੀ ਮਿਹਰ ਪ੍ਰਾਪਤ ਕਰ ਲਈ ਸੀ ਕਿ ਇਸ਼ਾ (ਰਾਤ) ਦੀ ਨਮਾਜ਼ ਪਿਛੋਂ ਫ਼ਕੀਰ ਜੀ ਦੇ ਇਕਾਂਤ-ਵਾਸ ਵਿਚ, ਨਾਲ ਰਹਿਣ ਦੀ ਆਗਿਆ ਸਿਰਫ਼ ਉਸ ਇਕੱਲੇ ਨੂੰ ਹੀ ਮਿਲੀ ਹੋਈ ਸੀ । ਫ਼ਕੀਰ ਜੀ ਅਕਸਰ ਇਹ ਸ਼ਬਦ ਦੁਹਰਾਇਆ ਕਰਦੇ ਸਨ ' ਮੈਂ ਹੋਰ ਸਭ ਤੋਂ ਅੱਕ ਜਾਂਦਾ ਹਾਂ, ਪਰ ਤੈਥੋਂ ਕਦੇ ਨਹੀਂ ਅੱਕਦਾ ।'' ਫ਼ਕੀਰ ਜੀ ਨੂੰ ਅਮੀਰ ਖ਼ੁਸਰੋ ਨਾਲ ਏਨਾ ਮੋਹ ਹੋ ਗਿਆ ਸੀ ਕਿ ਇਕ ਵਾਰ ਉਹਨਾਂ ਨੇ ਕਿਹਾ ਕਿ ਜੇ ਮਜ਼ਬ ਨੇ ਇਸ ਉਤੇ ਰੋਕ ਨਾ ਲਾਈ ਹੁੰਦੀ ਤਾਂ ਉਹਨਾਂ ਆਪਣੀ ਇਸ ਇੱਛਾ ਦਾ ਐਲਾਨ ਕਰ ਦੇਣਾ ਸੀ ਕਿ ਅਮੀਰ ਖ਼ੁਸਰੋ ਨੂੰ ਉਹਨਾਂ ਦੇ ਨਾਲ ਹੀ, ਇਕੋ ਕਬਰ ਵਿਚ ਦਫ਼ਨਾਇਆ ਜਾਏ । ਉਹਨਾਂ ਨੇ ਉਸ ਨੂੰ "ਤੁਰਕੱਲਾਹ" ਦਾ ਖ਼ਿਤਾਬ ਦਿਤਾ ਸੀ ਤੇ ਅਕਸਰ ਉਹ ਇਸੇ ਨਾਂ ਨਾਲ ਉਸ ਨੂੰ ਸੰਬੋਧਨ ਕਰਦੇ ਸਨ ।

ਉਹ ਅਕਸਰ ਖ਼ੁਸਰੋ ਨੂੰ ਉਹਦੀਆਂ ਗ਼ਜ਼ਲਾਂ ਸੁਣਾਣ ਲਈ ਬਾਰ ਬਾਰ ਕਹਿੰਦੇ ਹੁੰਦੇ ਸਨ। ਇਕ ਵਾਰ ਉਹਨਾਂ ਉਸ ਨੂੰ ਸਫ਼ਾਹਨੀਸ ਜਿਹੀਆਂ ਗ਼ਜ਼ਲਾਂ ਲਿਖਣ ਲਈ ਸਲਾਹ ਦਿਤੀ ਜੋ ਪਿਆਰ ਦੀ ਅੱਗ ਨਾਲ ਲਟ ਲਟ ਮਚਦੀਆਂ ਹੋਣ ਤੇ ਜਿਨ੍ਹਾਂ ਵਿਚ "ਹੰਝੂਆਂ ਦਾ ਅਨੁਭਵ" ਹੋਵੇ ਤੇ "ਅਤਿ ਡੂੰਘੀ" ਬਰੀਕ-ਬਿਆਨੀ ਹੋਵੇ। ਖ਼ੁਸਰੋ ਦੇ ਕਾਵਿਕ-ਗੁਣਾਂ ਦੀ ਤਾਰੀਫ਼ ਵਿਚ ਉਹਨਾਂ ਨੇ ਇਹ ਚੁਬਰਗਾ ਵੀ ਲਿਖਿਆ :

ਖ਼ੁਸਰੋ ਕੀ ਬਾ ਨਜ਼ਮ-ਓ-ਨਸਰ ਮਿਸਲਾਸ਼ ਕਮ ਖ਼ਾਸਤ,
ਮਿਲਕੀਅਤ-ਏ-ਮੁਲਕੀ-ਏ-ਸੁਖ਼ਨ ਅਨ ਖ਼ੁਸਰੋ ਰਾਸਤ,
ਅਨ ਖ਼ੁਸਰੋ-ਏ-ਮਾਸਤ, ਨਾਸਿਰ ਖ਼ੁਸਰੋ ਨੀਸਤ,
ਜ਼ੀਰਾਕੀ ਖ਼ੁਦਾਇ ਨਾਸਿਰ-ਏ-ਖ਼ੁਸਰੋ-ਈ-ਮਾਸਤ।

(ਖ਼ੁਸਰੋ, ਜਿਸ ਵਾਂਗ ਚੰਦ ਬੰਦਿਆਂ ਨੇ ਹੀ ਕਵਿਤਾ ਜਾਂ ਵਾਰਤਕ ਲਿਖੀ ਹੈ, ਸਚਮੁਚ ਹੀ ਕਾਵਿ-ਮੰਡਲ ਦਾ ਬਾਦਸ਼ਾਹ ਹੈ। ਇਹ ਨਾਸਿਰ ਖ਼ੁਸਰੋ ਦੀ ਗੱਲ ਨਹੀਂ, ਸਾਡੇ ਖ਼ੁਸਰੋ ਦੀ ਗੱਲ ਹੈ ਤੇ ਖ਼ੁਦਾ ਸਾਡੇ ਖ਼ੁਸਰੋ ਦਾ ਆਪੂੰ ਮਦਦਗਾਰ ਹੈ।)

ਇਕ ਵਾਰ ਅਮੀਰ ਖ਼ੁਸਰੋ ਗ਼ਜ਼ਲ ਗਾ ਰਿਹਾ ਸੀ ਤੇ ਹਜ਼ਰਤ ਮਹਿਬੂਬ-ਏ-ਇਲਾਹੀ ਬੈਠੇ ਸੁਣ ਰਹੇ ਸਨ। ਜਦੋਂ ਖ਼ੁਸਰੋ ਨੇ ਹੇਠਲਾ ਬੰਦ ਗੰਵਿਆਂ ਤਾਂ ਫ਼ਕੀਰ ਜੀ ਨੇ ਖ਼ੁਸਰੋ ਵਲ ਅਤਿ ਮੋਹ ਨਾਲ ਤੱਕਿਆ ਤੇ ਇੰਜ ਜਾਪਿਆ ਜਿਵੇਂ ਉਹ ਮੁੜ ਵਜਦ ਵਿਚ ਆ ਗਏ ਹੋਣ :

ਰੁਖ਼ ਜੁਮਲਾ ਰਾ ਨਾਮੂਦ-ਓ-ਮਰਾ ਗੁਫ਼ਤ ਤੂ ਮਾ-ਬਿਨ!
ਜ਼ਿਨ ਜੌਕ ਮਸਤ-ਓ-ਬੇ-ਖ਼ਬਰਮ ਕਿਨ ਸੁਖ਼ਨ ਚੇ ਬੂਦ।

(ਸੁੰਦਰੀ ਨੇ ਹੋਰ ਸਭ ਨੂੰ ਤਾਂ ਘੁੰਡ ਲਾਹ ਕੇ ਦੀਦਾਰ ਦੇ ਦਿਤਾ, ਪਰ ਮੈਨੂੰ ਨਿਗ੍ਹਾ ਉਚੀ ਕਰਨੋਂ ਵੀ ਵਰਜ ਦਿਤਾ; ਮੈਨੂੰ ਇਹਦਾ ਨਸ਼ਾ ਚੜ੍ਹ ਗਿਆ ਹੈ ਤੇ ਇਸ ਗੱਲ ਦਾ ਧਿਆਨ ਹੀ ਨਹੀਂ ਰਿਹਾ ਕਿ ਮੈਨੂੰ ਕਿਸ ਗੱਲੋਂ ਵਰਜਿਆ ਗਿਆ ਸੀ।)

ਇੰਜ ਹੀ ਇਕ ਹੋਰ ਦਿਨ ਅਮੀਰ ਖ਼ੁਸਰੋ ਦਾ ਪੁੱਤਰ, ਅਮੀਰ ਹਾਜੀ ਆਪਣੇ ਪਿਤਾ ਦੀ ਗ਼ਜ਼ਲ ਸੁਣਾ ਰਿਹਾ ਸੀ, ਜਦੋਂ ਉਸ ਸੁਣਾਇਆ :

ਖ਼ੁਸਰੋ ਤੋ ਕੀਸਤੀ ਕੀ ਦਰ ਆਇ ਦਾਰਿਨ ਸ਼ੁਮਾਰ,
ਕਿਨ ਇਸ਼ਕ ਤੇਗ਼ ਬਰ ਸਰ-ਏ-ਮਰਦਾਨਾ-ਏ-ਦੀਨ ਜ਼ਾਦਾਸਤ।
(ਖ਼ੁਸਰੋ ਤੂੰ ਕਿਸ ਬਾਗ ਦੀ ਮੂਲੀ ਹੈਂ ? ਇਸ਼ਕ ਨੇ ਆਪਣੀ ਸ਼ਮਸ਼ੀਰ ਉਹਨਾਂ ਦੇ ਸਿਰ ਵਾਹੀ ਹੈ ਜੋ ਵਫ਼ਾ ਦੇ ਬੰਦੇ ਹਨ।)

ਹਜ਼ਰਤ ਮਹਿਬੂਬ-ਏ-ਇਲਾਹੀ ਮੁੜ ਅਗੰਮੀ ਆਨੰਦ ਦੀ ਦਸ਼ਾ 'ਚ ਆ ਗਏ। ਜਦੋਂ ਅਮੀਰ ਹਾਜੀ ਨੇ ਮੁੜ ਇਹ ਸ਼ਿਅਰ ਦੁਹਰਾਇਆ, ਤਾਂ ਉਹ ਏਨੇ ਖ਼ੁਸ਼ ਹੋਏ ਕਿ ਉਹਨਾਂ ਆਪਣੀ ਇਕ ਟੋਪੀ ਹਾਜੀ ਨੂੰ ਤੇ ਦੂਜੀ ਅਮੀਰ ਖ਼ੁਸਰੋ ਨੂੰ ਦੇ ਦਿਤੀ।

ਫ਼ਕੀਰ ਜੀ ਇਹ ਵੀ ਕਹਿੰਦੇ ਹੁੰਦੇ ਸਨ ਕਿ ਉਹ, ਅਮੀਰ ਖ਼ੁਸਰੋ ਬਿਨਾਂ ਬਹਿਸ਼ਤ ਵਿਚ ਵੀ ਨਹੀਂ ਜਾਣਗੇ, ਤੇ ਉਹ ਇਸ ਤੁਰਕ, ਭਾਵ ਅਮੀਰ ਖ਼ੁਸਰੋ, ਦੇ ਸੀਨੇ ਵਿਚ ਮਚਦੀ ਹੋਈ ਅੱਗ ਕੋਲ ਬਹਿ ਕੇ ਖ਼ੁਦਾਈ ਰਹਿਮਤ ਤੇ ਮੁਕਤੀ ਦੀ ਦਾਤ ਮੰਗਣਗੇ। ਕਵੀ ਨੇ ਇਕ ਕਸੀਦੇ ਵਿਚ, ਜਿਹੜਾ ਉਸ ਆਪਣੇ ਫ਼ਕੀਰ ਜੀ ਦੀ ਤਾਰੀਫ਼ ਵਿਚ ਲਿਖਿਆ, ਇਸ ਖ਼ਿਤਾਬ ਦਾ ਇੰਜ ਜ਼ਿਕਰ ਕੀਤਾ ਹੈ :

ਬਰ ਜ਼ਬਾਨਾਤ ਚੁਨ ਖ਼ਿਤਾਬ-ਏ-ਬੰਦਾ ਤੁਰਕੱਲਾਹ ਰਾਫ਼ਤ,
ਦਸਤ-ਏ-ਤੁਰਕੱਲਾਹ ਗੀਰ-ਓ-ਹਮ ਬਾ ਅੱਲਾਹਾਸ਼ ਸਿਪਾਰ।
(ਜਦੋਂ ਤੂੰ ਆਪਣੇ ਨਿਮਾਣੇ ਗ਼ੁਲਾਮ ਨੂੰ ਇਹ 'ਤੁਰਕੱਲਾਹ' ਦਾ ਖ਼ਿਤਾਬ ਬਖ਼ਸ਼ਿਆ ਹੈ, ਤਾਂ ਉਹਦਾ ਹੱਥ ਵੀ ਫੜ ਲੈ ਤੇ ਉਹਨੂੰ ਖ਼ੁਦਾ ਦੀ ਸੌਂਪਣੀ ਵਿਚ ਦੇ ਦੇ।)

ਤੇ ਉਹਨੂੰ ਇਹਦਾ ਬੜਾ ਮਾਣ ਹੈ। ਭਾਵੇਂ ਅਮੀਰ ਖ਼ੁਸਰੋ, ਰੂਹਾਨੀ ਤੌਰ 'ਤੇ ਫ਼ਕੀਰ ਜੀ ਦੇ ਏਨਾ ਨੇੜੇ ਸੀ, ਪਰ ਫੇਰ ਵੀ ਉਹਨਾਂ ਉਸ ਨੂੰ ਖ਼ਿਲਾਫ਼ਤ ਨਹੀਂ ਸੀ ਬਖ਼ਸ਼ੀ। ਪਰ ਅਮੀਰ ਖ਼ੁਸਰੋ ਦੇ ਹੋਰ ਸਮਕਾਲੀਆਂ, ਮੌਲਾਨਾ ਸ਼ਮਸਉੱਦੀਨ ਯਹੱਈਆ, ਸ਼ੇਖ਼ ਕੁਤਬਉੱਦੀਨ ਮੁਨੱਵਰ ਤੇ ਮੌਲਾਨਾ ਹਿਸਾਮਉੱਦੀਨ ਮੁਲਤਾਨੀ ਨੂੰ ਇਹ ਪ੍ਰਾਪਤ ਹੋ ਗਈ ਸੀ। ਇਹਦਾ ਅਰਥ ਇਹ ਹੈ ਕਿ ਹਰੇਕ ਇਸ ਵਿਸ਼ੇਸ਼ ਹੱਕ ਦਾ ਅਧਿਕਾਰੀ ਨਹੀਂ ਸੀ ਹੁੰਦਾ। ਲੋਕ ਪਹਿਲਾਂ ਵਿਸ਼ੇਸ਼ ਵਰਤਾਰੇ ਦੇ ਆਧਾਰ 'ਤੇ ਪਰਖੇ ਜਾਂਦੇ ਸਨ ਤੇ ਫੇਰ ਫ਼ੈਸਲਾ ਕੀਤਾ ਜਾਂਦਾ ਸੀ। ਧਰਮ ਦੇ ਮਾਮਲਿਆਂ ਵਿਚ ਫ਼ਕੀਰ ਜੀ ਨੇ, ਬਾਵਜੂਦ ਖ਼ੁਸਰੋ ਨਾਲ ਮੁਹੱਬਤ ਦਾ ਅਹਿਸਾਸ

ਮਹਿਸੂਸ ਹੋਣ ਦੇ, ਉਸ ਨੂੰ ਖ਼ਿਲਾਫ਼ਤ ਬਖ਼ਸ਼ਣਾ ਯੋਗ ਨਹੀਂ ਸੀ ਸਮਝਿਆ ।

ਹਜ਼ਰਤ ਮਹਿਬੂਬ-ਏ-ਇਲਾਹੀ ੭੨੫ ਹਿਜਰੀ ਵਿਚ, ਅਠਾਰ੍ਹਵੀਂ 'ਰੱਬੀ ਉਲ ਆਖ਼ਿਰ' ਦੇ ਕਾਫ਼ਲੇ ਵਿਚ ਸ਼ਾਮਲ ਹੋਏ । ਅਸਲੀ ਦਿਨ ਤੋਂ ਚਾਲ੍ਹੀ ਦਿਨ ਪਹਿਲਾਂ ਇੰਜ ਜਾਪਿਆ ਜਿਵੇਂ ਦੀਵਾਨਗੀ ਤੇ ਬੇਖ਼ੁਦੀ ਵਿਚ ਡੁੱਬ ਗਏ ਹੋਣ । ਨਮਾਜ਼ ਪੜ੍ਹਦਿਆਂ ਉਹ ਮੁੜ ਮੁੜ ਆਪਣਾ ਸਿਰ ਝੁਕਾਂਦੇ ਤੇ ਕਹਿੰਦੇ ਕਿ ਦੋਸਤ, ਦੋਸਤ ਦੇ ਬੋਲ ਨੂੰ ਯਾਦ ਰਖਦਾ ਹੈ ਤੇ ਕਦੇ ਕਦੇ ਉਹ ਇਹ ਸਤਰ ਵੀ ਦਹੁਰਾਂਦੇ :

ਮੀ ਰਾਵੇਮ-ਓ-ਮੀ-ਰਾਵੇਮ-ਓ-ਮੀ-ਰਾਵੇਮ

(ਅਸੀਂ ਵਿਛੜ ਰਹੇ ਹਾਂ, ਅਸੀਂ ਵਿਛੜ ਰਹੇ ਹਾਂ, ਤੇ ਅਸੀਂ ਵਿਛੜ ਰਹੇ ਹਾਂ ।)

ਇਕ ਦਿਨ ਉਹਨਾਂ ਆਪਣੇ ਸਾਰੇ ਹਾਜ਼ਰ ਸੇਵਕਾਂ ਤੇ ਸ਼ਗਿਰਦਾਂ ਨੂੰ ਸੱਦਿਆ ਤੇ ਉਹਨਾਂ ਨੂੰ ਕਹਿਣ ਲਗੇ ਕਿ ਉਹ ਇਸ ਗੱਲ ਦੇ ਗਵਾਹ ਹਨ ਕਿ ਜੇ ਇਕਬਾਲ (ਇਕ ਨਿਜੀ ਸੇਵਕ) ਨੇ ਅੰਨ ਦਾ ਇਕ ਦਾਣਾ ਵੀ ਬਚਾ ਕੇ ਰਖਿਆ ਹੋਇਆ ਤਾਂ ਉਹਨੂੰ ਕਿਆਮਤ ਵਾਲੇ ਦਿਨ ਖ਼ੁਦਾ ਸਾਹਮਣੇ ਜਵਾਬਦਿਹ ਹੋਣਾ ਪਏਗਾ । ਸੇਵਕ ਨੇ ਸਭ ਕੁਝ ਪਹਿਲਾਂ ਹੀ ਵੰਡ ਦਿਤਾ ਹੋਇਆ ਸੀ, ਪਰ ਸਿਰਫ਼ ਏਨਾ ਕੁ ਅੰਨ-ਦਾਣਾ ਸਾਂਭ ਰਖਿਆ ਸੀ ਜਿਸ ਨਾਲ ਡੇਰੇ 'ਚ ਠਹਿਰੇ ਹੋਏ ਮਹਿਮਾਨਾਂ ਤੇ ਆ ਕੇ ਠਹਿਰਨ ਵਾਲਿਆਂ ਲਈ ਕੁਝ ਕੁ ਦਿਨ ਗੁਜ਼ਾਰਾ ਚਲ ਜਾਏ । ਜਦੋਂ ਹਜ਼ਰਤ ਮਹਿਬੂਬ-ਏ-ਇਲਾਹੀ ਨੂੰ ਇਹਦਾ ਪਤਾ ਲੱਗਾ ਤਾਂ ਉਹਨਾਂ ਇਹਦਾ ਵੀ ਬੁਰਾ ਮਨਾਇਆ । ਉਹਨਾਂ ਉਸੇ ਵੇਲੇ ਭਿਖਾਰੀ ਤੇ ਗਦਾਗਰ ਲੋਕਾਂ ਨੂੰ ਸੱਦ ਭੇਜਿਆ । ਜਦੋਂ ਉਹ ਆ ਗਏ ਤਾਂ ਫ਼ਕੀਰ ਜੀ ਨੇ ਕਿਹਾ ਕਿ ਉਹਨਾਂ ਲਈ ਸਾਰਾ ਭੰਡਾਰਾ ਖੋਹਲ ਦਿਓ । ਇਸੇ ਤਰ੍ਹਾਂ ਕੀਤਾ ਗਿਆ ਤੇ ਜੋ ਵੀ ਅੰਨ-ਦਾਣਾ ਬਾਕੀ ਸੀ ਉਹ ਸਾਰਾ ਇਹ ਲੋਕ ਲੈ ਗਏ । ਅਮੀਰ ਖ਼ੁਸਰੋ ਨੇ ਬਿਲਕੁਲ ਠੀਕ ਕਿਹਾ ਏ :

ਆਏ ਸ਼ਰਬਤੇ-ਆਸ਼ਕੀ ਬਾ-ਜਮਾਤ,
ਵਾਜ਼ ਦੋਸਤ ਜ਼ਮਾਂ ਜ਼ਮਾਂ ਪਾਇਮਾਤ;
ਦਰ ਸਾਇਰ-ਏ-ਵਸਲ, ਹਰ ਦੋ ਆਲਮ,
ਦਾਖ਼ਿਲ ਬਾ ਮਸੱਫ਼ਤ-ਏ-ਦੋ ਗਮਾਤ;

ਸ਼ੁਦ ਸਿਲਕ-ਏ-ਫ਼ਰੀਦ ਅਜ਼ ਤੋ ਮਨਜ਼ੂਮ,
ਜ਼ਨ-ਨੇਸਤ ਕੀ ਸ਼ੁਦ ਲਕਬ ਨਿਜ਼ਾਮਾਤ;
ਸਦ ਜਾਨ-ਏ-ਸ਼ਰੀਫ਼ ਪਾਕ ਰਾ ਚਰਖ਼,
ਬੋਗੁਦਾਖਤਾ-ਓ-ਨਾਵਿਸ਼ਤਾ ਨਾਮਤ;
ਦਰਗਾਹ-ਏ-ਤੋ ਕਿਬਲਾ-ਓ-ਮਾਲਾਇਕ,
ਪਾਰੱਾਨ ਚੁਨ ਕਾਬੂਤਰਾਨ ਬਾ-ਬਾਮਾਤ;
ਸੌਦਾ-ਜ਼ਦਗਾਨ-ਏ-ਸ਼ੌਕ-ਏ-ਹੱਕ ਰਾ,
ਤਸਕੀਨ ਜ਼ੇ ਮੁਫ਼ਾਰਿਹ-ਏ-ਕਲਾਮਾਤ;
ਜਾਵੇਦ ਬਕਾ-ਸਤ ਬੰਦਾ ਖ਼ੁਸਰੋ,
ਚੁਨ ਸ਼ੁਦ ਬਾ ਹਾਜ਼ਰ ਜਾਨ ਗੁਲਾਮਾਤ ।

(ਓ, ਜਿਸ ਦੇ ਪਿਆਲੇ ਵਿਚ ਪਿਆਰ ਦੀ ਸ਼ਰਾਬ ਏ, ਹਰ ਵੇਲੇ 'ਦੋਸਤ' ਦਾ ਸੁਨੇਹਾ ਪ੍ਰਾਪਤ ਕਰ ਰਿਹਾ ਏ । ਤੇਰੀ ਵਸਲ ਦੀ ਭਾਲ ('ਮਿੱਤਰ' ਨਾਲ) ਵਿਚ ਇਹ ਦੋ ਜਹਾਨ ਸਿਰਫ਼ ਦੋ ਕਦਮ ਹੀ ਹਨ । ਫ਼ਰੀਦ ਜੀ ਦੀ ਤਸਬੀਹ ਤੂੰ ਬਣਾਈ ਸੀ ਇਸੇ ਲਈ ਤੈਨੂੰ ਨਾਜ਼ਮ ਆਖਣ ਲਗ ਪਏ ਸਨ । ਕਿੰਨੀਆਂ ਈ ਰੂਹਾਂ ਨੂੰ ਮੇਸ ਕੇ ਕਿਸਮਤ ਨੇ ਤੇਰਾ ਨਾਂ ਲਿਖਿਆ ਹੈ। ਤੇਰੀ ਦਿਹਲੀ ਕਿਬਲਾ ਹੈ, ਤੇ ਫ਼ਰਿਸ਼ਤੇ ਤੇਰੇ ਮਕਬਰੇ ਉਤੇ ਕਬੂਤਰਾਂ ਵਾਂਗ ਉੱਡਦੇ ਫਿਰਦੇ ਹਨ । ਜਿਹੜੇ ਖ਼ੁਦਾਈ ਪਿਆਰ ਪਿਛੇ ਦੀਵਾਨੇ ਹੋਏ ਫਿਰਦੇ ਨੇ ਉਹਨਾਂ ਨੂੰ ਤੇਰੇ ਸੁਖਾਵੇਂ ਬਚਨਾਂ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈ । ਇਸ ਗ਼ੁਲਾਮ ਖ਼ੁਸਰੋ ਨੂੰ ਅਮਰ ਜੀਵਨ ਪ੍ਰਾਪਤ ਹੋ ਚੁਕਿਆ ਹੈ ਕਿਉਂਕਿ ਉਹ ਤੇਰਾ ਸਭ ਤੋਂ ਵਧੀਕ ਵਫ਼ਾਦਾਰ ਸੇਵਕ ਬਣ ਚੁਕਿਆ ਹੈ ।)

ਪੀਰ ਜੀ ਦੀ ਸਿਖਿਆ ਅਮੀਰ ਖ਼ੁਸਰੋ, ਅਮੀਰ ਹਸਨ ਸਿਜਜ਼ੀ, ਅਮੀਰ ਖ਼ੁਰਦ ਤੇ ਮੌਲਾਨਾ ਜ਼ਿਆਉੱਦੀਨ ਬਰਨੀ ਵਰਗੇ, ਉਹਨਾਂ ਦੇ ਮੁਰੀਦਾਂ ਵਲੋਂ 'ਫ਼ੁਆਦ-ਉੱਲ-ਫ਼ਵਾਇਦ,' 'ਅਫ਼ਜ਼ਲ-ਉੱਲ-ਫ਼ਵਾਇਦ,' 'ਸੀਰਤ-ਉੱਲ-ਔਲੀਆ' ਤੇ 'ਤਾਰੀਖ਼ੇ-ਫ਼ੀਰੋਜ਼ ਸ਼ਾਹੀ,' ਵਿਚ ਸਾਂਭੀ ਹੋਈ ਹੈ । ਇਹਨਾਂ ਪੁਸਤਕਾਂ ਦੀ ਪ੍ਰਮਾਣੀਕਤਾ ਤੇ ਸੱਚਾਈ ਉਤੇ ਭੋਰਾ ਵੀ ਸ਼ਕ ਦੀ ਗੁੰਜਾਇਸ਼ ਨਹੀਂ ਤੇ ਇਹਨਾਂ ਦੇ ਲੇਖਕ ਦੇ ਆਚਰਣ ਦੀ ਪਵਿੱਤਰਤਾ ਉਤੇ ਸ਼ਕ ਅਸੰਭਵ

ਹੈ। ਇਸ ਲਈ ਕੋਈ ਕਾਰਨ ਨਹੀਂ ਜਾਪਦਾ ਕਿ ਅਸੀਂ ਇਹਨਾਂ ਉਤੇ ਵਿਸ਼ਵਾਸ ਨਾ ਕਰੀਏ। ਸੋ ਇਹ ਕਿਤਾਬਾਂ ਭਰੋਸੇ ਯੋਗ ਹਨ ਤੇ ਇਹ ਫ਼ਕੀਰ ਜੀ ਦੇ ਆਚਰਣ ਦੇ ਹਰ ਪੱਖ ਉਤੇ ਪੂਰੀ ਰੌਸ਼ਨੀ ਪਾਉਂਦੀਆਂ ਹਨ, ਤੇ ਉਹਨਾਂ ਦਾ ਆਚਰਣ ਅਜੇ ਤਕ ਵੀ ਇਕ ਮਹਾਨ ਅਖ਼ਲਾਕੀ ਤੇ ਰੂਹਾਨੀ ਤਾਕਤ ਬਣਿਆ ਹੋਇਆ ਹੈ।

ਹਜ਼ਰਤ ਮਹਿਬੂਬ-ਏ-ਇਲਾਹੀ ਜੀ ਉਸ ਥਾਂ ਉਤੇ ਸਦੀਵੀ ਵਿਸ਼ਰਾਮ ਕਰ ਰਹੇ ਹਨ, ਜਿਸ ਦਾ ਨਾਂ ਉਹਨਾਂ ਦੇ ਨਾਂ ਉਤੇ 'ਨਿਜ਼ਾਮਉੱਦੀਨ,' ਰਖਿਆ ਗਿਆ ਹੈ। ਕੋਈ ਇਸ ਮਕਬਰੇ ਉਤੇ ਜਾਏ, ਤਾਂ ਉਹਨੂੰ ਵੇਖ ਕੇ ਬੜਾ ਹੀ ਧੱਕਾ ਲੱਗਦਾ ਹੈ। ਉਸੇ ਥਾਂ ਦੇ ਨੇੜੇ, ਬੰਦੇ ਦਾ ਧਿਆਨ ਹਮਾਯੂੰ ਦੇ ਸ਼ਾਨਦਾਰ ਮਕਬਰੇ ਵਲ ਖਿੱਚਿਆ ਜਾਂਦਾ ਹੈ, ਜਿਹੜਾ ਸੈਲ-ਸਪਾਟੇ ਆਏ ਲੋਕਾਂ ਲਈ ਇਕ ਬੜੀ ਮਨ-ਭਰਮਾਊ ਥਾਂ ਹੈ, ਪਰ ਦੂਜੇ ਪਾਸੇ ਫ਼ਕੀਰ ਜੀ ਦੀ ਇਹ ਦਰਗਾਹ, ਗ਼ਰੀਬਾਂ, ਦਲਿੱਤ ਲੋਕਾਂ, ਬੀਮਾਰਾਂ ਤੇ ਰੂਹਾਨੀ-ਬੀਮਾਰਾਂ ਲਈ ਰੂਹਾਨੀ ਪਨਾਹਗਾਹ ਹੈ। ਹਰ ਵਰ੍ਹੇ ਨੀਯਤ ਦਿਨ 'ਤੇ ਫ਼ਕੀਰ ਜੀ ਦਾ ਉਰਸ ਮਨਾਇਆ ਜਾਂਦਾ ਹੈ ਤੇ ਬਿਨਾਂ ਜ਼ਾਤ-ਪਾਤ, ਧਾਰਮਕ-ਵਿਸ਼ਵਾਸ, ਰੰਗ, ਨਸਲ ਤੇ ਮਜ਼ਹਬ ਦੇ ਵਿਤਕਰੇ ਤੋਂ ਲੋਕ ਦੂਰੋਂ-ਨੇੜਿਉਂ ਵਹੀਰਾਂ ਘੱਤ ਕੇ ਉਹਨਾਂ ਦੀ ਪਵਿੱਤਰ ਦਰਗਾਹ 'ਤੇ ਆ ਕੇ ਸ਼ਰਧਾਂਜਲੀਆਂ ਭੇਟ ਕਰਦੇ ਤੇ ਫ਼ਕੀਰ ਜੀ ਦੀਆਂ ਮਿਹਰਾਂ ਪ੍ਰਾਪਤ ਕਰਦੇ ਹਨ। ਹਮਾਯੂੰ ਦਾ ਮਕਬਰਾ, ਮਨੁੱਖੀ ਇੱਛਾਵਾਂ ਦੀ ਨਿਰਾਰਥਕਤਾ ਦੀ ਖ਼ਾਮੋਸ਼, ਪਰ ਉਦਾਸੀ-ਭਰੀ ਯਾਦਗਾਰ ਹੈ।

ਅਜਿਹੇ ਮਹਾਨ ਫ਼ਕੀਰ ਦੀ ਸੰਗਤ ਵਿਚ ਅਮੀਰ ਖ਼ੁਸਰੋ ਰਹਿੰਦਾ ਰਿਹਾ ; ਸ਼ੇਖ਼ ਜੀ ਦੇ ਪ੍ਰਤੀ ਆਪਣੀ ਸ਼ਰਧਾ ਰਾਹੀਂ ਉਹ ਫ਼ਕੀਰ ਜੀ ਦਾ ਪਿਆਰਾ ਬਣ ਗਿਆ ਸੀ ਤੇ ਉਹਨਾਂ ਦੀਆਂ ਖ਼ਖ਼ਸ਼ਸ਼ਾਂ ਦਾ ਪਾਤਰ ਬਣ ਚੁਕਿਆ ਸੀ। ਅਮੀਰ ਖ਼ੁਸਰੋ ਦੀ ਬਹੁਪੱਖੀ ਸ਼ਖ਼ਸੀਅਤ ਤੇ ਉਹਦੀ ਸਰਬਪੱਖੀ ਗਿਆਨ ਵਾਲੀ ਪ੍ਰਤਿਭਾ — ਜਿਸ ਦਾ ਸਾਨੀ ਉਸ ਵੇਲੇ ਦੇ ਸਮਾਜ ਵਿਚ ਕੋਈ ਹੋਰ ਨਹੀਂ ਸੀ — ਉਹਦੀ ਸਾਰੀ ਹੋਂਦ ਤੇ ਵਿਦਵਤਾ, ਅਸਲ ਵਿਚ ਹਜ਼ਰਤ ਮਹਿਬੂਬ-ਏ-ਇਲਾਹੀ ਜੀ ਦੀ ਕਿਰਪਾਲਤਾ ਦੀ ਦੇਣ ਹੈ। ਸ਼ਾਨਦਾਰ ਤੇ ਉੱਚ-ਪਾਏ ਦੇ ਕਵੀ, ਵਾਰਤਕ ਲੇਖਕ, ਇਤਿਹਾਸਕਾਰ, ਸੰਗੀਤਗ, ਭਾਸ਼ਾ-ਗਿਆਨੀ,

ਮੁਸਾਹਿਬ ਤੇ ਸਭ ਤੋਂ ਵਧ ਇਕ ਇਨਸਾਨ ਤੇ ਇਕ ਹਿੰਦੁਸਤਾਨੀ ਵਜੋਂ ਉਹ ਸਰਵੋਤਮ ਲੋਕਾਂ ਵਿਚ ਗਿਣਿਆਂ ਜਾਂਦਾ ਹੈ। ਇਤਿਹਾਸ ਅਜਿਹੀ ਹੋਰ ਕੋਈ ਵੀ ਮਿਸਾਲ ਦੇਣੋਂ ਅਸਮਰਥ ਹੈ। ਕੁਦਰਤ ਵੀ ਉਸ ਉਤੇ ਅਤਿ ਸੁਹਿਰਦ ਤੇ ਦਿਆਲੂ ਜਾਪਦੀ ਹੈ। ਉਹਦੇ ਦਿਲ ਤੇ ਦਿਮਾਗ਼ ਅਸਾਧਾਰਨ ਗੁਣਾਂ ਨਾਲ ਵਰੋਸਾਏ ਹੋਏ ਸਨ। ਸਾਨੂੰ ਦਸਿਆ ਜਾਂਦਾ ਹੈ ਕਿ ਉਹਦਾ ਨਾਨਾ ਇਮਾਦਉੱਲ ਮਲਿਕ, ਜਿਹੜਾ ਆਪ ਵੀ ਫ਼ਕੀਰ ਜੀ ਦਾ ਮੁਰੀਦ ਸੀ, ਉਹਨੂੰ ਅੱਠ ਵਰ੍ਹੇ ਦੀ ਉਮਰ ਵਿਚ ਹਜ਼ਰਤ ਮਹਿਬੂਬ-ਏ-ਇਲਾਹੀ ਕੋਲ ਲੈ ਗਿਆ ਸੀ; ਉਦੋਂ ਤੋਂ ਹੀ ਫ਼ਕੀਰ ਜੀ ਦੀ ਵਿਸ਼ੇਸ਼ ਨਿਗਾਹਬਾਨੀ ਹੇਠ ਰਿਹਾ। ੬੭੧ ਹਿਜਰੀ ਵਿਚ ਉਹ ਨਿਤਨੇਮ ਦੀ ਸੰਗਤ ਵਿਚ ਸ਼ਾਮਲ ਹੋਣ ਲਗ ਪਿਆ ਤੇ ਫੇਰ ਉਹਨੇ ਫ਼ਕੀਰ ਜੀ ਦਾ ਪਿਆਰ ਹੋਰ ਵੀ ਜਿੱਤ ਲਿਆ। ਉਹ ਇਕ ਨੇਮੀ ਸੂਫ਼ੀ ਬਣ ਗਿਆ ਤੇ ਉਹਨੇ ਬਾਦਸ਼ਾਹਾਂ ਦੇ ਦਰਬਾਰਾਂ ਤੋਂ ਦੂਰ ਰਹਿਣ ਦਾ ਪੂਰਾ ਪੂਰਾ ਯਤਨ ਕੀਤਾ। ਅਲਾਉੱਦੀਨ ਖ਼ਿਲਜੀ ਦੇ ਦਰਬਾਰ ਨਾਲ ਸਬੰਧਤ ਰਿਹਾ, ਪਰ ਉਹਨੂੰ ਸ਼ਾਹੀ ਦਰਬਾਰ ਵਿਚ ਰੋਜ਼ ਹਾਜ਼ਰ ਹੋਣ ਵਲੋਂ ਛੋਟ ਦਿਤੀ ਗਈ। ਉਹਨੇ ਬਾਦਸ਼ਾਹ ਦੀ ਸਿਫ਼ਤ-ਸਲਾਹ ਗੰਵੀਂ, ਪਰ ਕਦੇ ਵੀ ਉਹਨਾਂ ਵਲ ਆਪਣੇ ਫ਼ਰਜ਼ ਨੂੰ ਨਜ਼ਰ ਅੰਦਾਜ਼ ਨਹੀਂ ਸੀ ਕੀਤਾ, ਉਹ ਅਕਸਰ ਰੰਗ-ਰਲੀਆਂ ਤੇ ਸ਼ਰਾਬ ਦੀਆਂ ਮਹਿਫ਼ਲਾਂ ਵਿਚ ਸ਼ਾਮਲ ਜ਼ਰੂਰ ਹੁੰਦਾ ਸੀ, ਪਰ ਕਿਸੇ ਵੀ ਸਮਕਾਲੀ ਇਤਿਹਾਸਕ ਲਿਖਤ-ਪੜ੍ਹਤ ਤੋਂ ਸਾਨੂੰ ਇਹ ਪਤਾ ਨਹੀਂ ਲਗਦਾ ਕਿ ਉਹਨੇ ਸ਼ਰਾਬ ਕਦੇ ਆਪਣੇ ਹੋਠਾਂ ਨੂੰ ਛੁਹਾਈ ਵੀ ਹੋਵੇ; ਉਹਨੂੰ ਬਾਦਸ਼ਾਹਾਂ ਤੇ ਸ਼ਾਹਜ਼ਾਦਿਆਂ ਪਾਸੋਂ ਖੁਲ੍ਹੇ-ਡੁਲ੍ਹੇ ਇਨਾਮ ਮਿਲਦੇ ਸਨ, ਪਰ ਉਹ ਸਭ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਉਹ ਬਿਨਾਂ ਕਿਸੇ ਬਹਿਸ ਤੋਂ ਹਰ ਤਰ੍ਹਾਂ ਦੇ ਲੋਕਾਂ ਨਾਲ ਰਲ-ਮਿਲ ਕੇ ਬਹਿੰਦਾ ਸੀ ਤੇ ਉਹਨਾਂ ਨੂੰ ਆਪਣੀਆਂ ਰਲਵੀਂ ਫ਼ਾਰਸੀ-ਹਿੰਦੀ ਵਿਚ ਲਿਖੀਆਂ ਕਵਿਤਾਵਾਂ, ਬੁਝਾਰਤਾਂ, ਲੰਮੀਆਂ ਕਥਾ-ਕਹਾਣੀਆਂ, ਅੜਾਉਣੀਆਂ ਤੇ ਉਰਲੀਆਂ-ਪਰਲੀਆਂ ਗੱਲਾਂ ਸੁਣਾ-ਸੁਣਾ ਕੇ ਖ਼ੁਸ਼ ਕਰਦਾ ਹੁੰਦਾ ਸੀ। ਸ਼ੇਖ਼ ਜੀ ਦੀ ਸੰਗਤ ਵਿਚ ਉਹ ਆਤਮ-ਸਮਰਪਣ ਤੇ ਸ਼ਰਧਾ, ਹਲੀਮੀ ਤੇ ਸਤਿਕਾਰ ਦਾ ਅਵਤਾਰ ਈ ਸੀ।

੫

ਉਹਦੀ ਕਾਵਿ-ਪ੍ਰਤਿਭਾ ਨੂੰ ਅੰਗਦਿਆਂ, ਮੌਲਾਨਾ ਸ਼ਿਬਲੀ ਨੇ ਕਿਹਾ ਹੈ : "ਪਿਛਲੇ ਛੇ ਸੌ ਵਰ੍ਹਿਆਂ ਵਿਚ ਹਿੰਦੁਸਤਾਨ ਵਿਚ ਅਜਿਹਾ ਬਹੁ ਪੱਖੀ, ਮਹਾਨ ਪ੍ਰਤਿਭਾਸ਼ਾਲੀ ਆਲਮ ਪੈਦਾ ਨਹੀਂ ਹੋਇਆ । ਸਚਾਈ ਇਹ ਹੈ ਕਿ ਫ਼ਾਰਸ ਤੇ ਰੋਮ ਦੀ ਧਰਤੀ ਨੇ ਵੀ ਹਜ਼ਾਰਾਂ ਵਰ੍ਹਿਆਂ 'ਚ ਸ਼ਾਇਦ ਅਜਿਹੇ ਵਿਵਿਧ ਤੇ ਵੰਨ-ਸੁਵੰਨੇ ਗੁਣਾਂ ਵਾਲੇ ਕੁਝ ਕੁ ਵਿਅਕਤੀਆਂ ਨੂੰ ਹੀ ਜਨਮ ਦਿਤਾ ਹੋਵੇਗਾ। ਮਿਸਾਲ ਵਜੋਂ ਸਿਰਫ ਕਵਿਤਾ ਦੇ ਖੇਤਰ ਵਿਚ ਹੀ ਉਹਦੀ ਅਦਭੁਤ ਪ੍ਰਤਿਭਾ ਪ੍ਰਤੱਖ ਦਿਸਦੀ ਹੈ । ਸ਼ਕ ਨਹੀਂ ਕਿ ਫ਼ਿਰਦੌਸੀ, ਸਾਅਦੀ, ਅਨਵਰੀ, ਹਾਫ਼ਿਜ਼, ਉਰਫ਼ੀ ਤੇ ਨਾਜ਼ੀਰੀ ਕਾਵਿ-ਮੰਡਲ ਦੇ ਬਾਦਸ਼ਾਹ ਹਨ, ਪਰ ਉਹ ਆਪਣੀਆਂ ਹੱਦਾਂ ਨਹੀਂ ਉਲੰਘਦੇ । ਫ਼ਿਰਦੌਸੀ ਮਥਨਵੀ ਤੋਂ ਅਗਾਂਹ ਨਹੀਂ ਵਧਦਾ । ਸਾਅਦੀ ਕਸੀਦੇ 'ਤੇ ਹੱਥ ਨਹੀਂ ਅਜ਼ਮਾ ਸਕਿਆ; ਅਨਵਰੀ ਵਿਚ ਮਥਨਵੀ ਤੇ ਗ਼ਜ਼ਲ ਲਿਖਣ ਦੀ ਪਹੁੰਚ ਨਹੀਂ ਸੀ ਤੇ ਹਾਫ਼ਿਜ਼, ਉਰਫ਼ੀ ਤੇ ਨਾਜ਼ੀਰੀ ਗ਼ਜ਼ਲ ਦੇ ਚੱਕਰ ਵਿਚੋਂ ਹੀ ਨਹੀਂ ਨਿਕਲ ਸਕੇ, ਪਰ ਖ਼ੁਸਰੋ ਨੂੰ ਗ਼ਜ਼ਲ, ਮਥਨਵੀ, ਕਸੀਦਾ ਤੇ ਰੁਬਾਈ ਸਭਨਾਂ 'ਤੇ ਮਹਾਰਤ ਹਾਸਲ ਸੀ ......।"

ਮੌਲਾਨਾ ਸ਼ਿਬਲੀ ਨੇ ਜਿਹੜੇ ਸ਼ਾਇਰਾਂ ਦਾ ਹਵਾਲਾ ਦਿਤਾ ਹੈ ਉਹਨਾਂ ਬਾਰੇ ਬੰਦਾ ਸਹਿਮਤ ਹੋਵੇ ਜਾਂ ਨਾ ਹੋਵੇ, ਪਰ ਖ਼ੁਸਰੋ ਬਾਰੇ ਦੱਸੇ ਉਹਦੇ ਵਿਚਾਰਾਂ ਨਾਲ ਮਤਭੇਦ ਨਹੀਂ ਹੋ ਸਕਦਾ। ਕਸੀਦੇ ਦੇ ਮੈਦਾਨ ਵਿਚ ਉਹ ਖ਼ਾਕਾਨੀ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ, ਮਥਨਵੀ ਵਿਚ ਮੌਲਾਨਾ ਨਿਜ਼ਾਮੀ ਵਰਗੀ ਪੱਧਰ ਦੇ ਬੰਦੇ ਨਾਲ ਮੁਕਾਬਲਾ ਕਰਦਾ ਹੈ, ਤੇ ਇਸ ਤੋਂ ਵੀ ਵਧੇਰੇ ਉਹ ਪਹਿਲਾ ਹਿੰਦੁਸਤਾਨੀ ਸੀ ਜਿਸ ਪੁਰਾਤਨ ਕਵੀਆਂ ਵਲੋਂ ਦਿਤੀ ਗਈ ਵੰਗਾਰ ਨੂੰ ਕਬੂਲਣ ਦਾ ਬੀੜਾ ਚੁਕਿਆ ਤੇ ਜਦੋਂ ਉਸ ਪਿਆਰ ਤੇ ਹੁਸਨ ਦੇ ਸ਼ਿਅਰ

1. ਮੌਲਾਨਾ ਸ਼ਿਬਲੀ ਨੋਮਾਨੀ : 'ਸ਼ੇਰ-ਉਲ-ਆਜ਼ਮ', ਦੂਜੀ ਸੈਂਚੀ ।

ਗਾਏ ਤਾਂ ਉਹਨੇ ਸਾਅਦੀ, ਹਾਫ਼ਿਜ਼ ਤੇ ਉਰਫ਼ੀ ਦਾ ਦਿਲ ਜਿੱਤ ਲਿਆ। ਹੇਠਲੇ ਸ਼ਿਅਰ ਵਿਚ ਹਾਫ਼ਿਜ਼ ਨੇ ਖ਼ੁਸਰੋ ਦਾ ਹੀ ਹਵਾਲਾ ਦਿਤਾ ਹੈ :

ਸ਼ਕਰ ਸ਼ਿਕਾਨ ਸ਼ਾਵੰਦ ਹਮਾ ਤੂਤੀਆਨੇ-ਹਿੰਦ,
ਕਿਨ ਕੰਦ-ਏ-ਪਾਰਸੀ ਕੀ ਬਾ-ਬੰਗਾਲਾ ਮੀ ਰਾਵਾਦ !

ਉਰਫ਼ੀ ਕਹਿੰਦਾ ਹੈ :

ਬਾਰੂਏ-ਖ਼ੁਸਰੋ ਅਜ਼ੀਂ ਪਾਰਸੀ ਸ਼ਾਕਰ ਦਾਦਾਮ,
ਕੀ ਕਾਮ-ਏ-ਤੂਤੀਏ-ਹਿੰਦੁਸਤਾਨ ਸ਼ਵੱਦ ਸ਼ੀਰੀਂ।

ਹਵਾਲਾ ਬਿਲਕੁਲ ਪ੍ਰਤੱਖ ਹੈ।

ਖ਼ੁਸਰੋ ਦਾ ਸਾਅਦੀ ਤੇ ਹਾਫ਼ਿਜ਼ ਨਾਲ ਮੁਕਾਬਲਾ ਕਰਨ ਦਾ ਕੋਈ ਲਾਭ ਨਹੀ; ਉਹਨਾਂ ਵਿਚੋਂ ਹਰੇਕ ਦਾ ਆਪੋ-ਆਪਣਾ ਨਿੱਜੀ ਪੱਧਰ ਤੇ ਵਿਸ਼ੇਸ਼ਤਾਈਆਂ ਹਨ। ਜਿਥੋਂ ਤਕ ਗ਼ਜ਼ਲ ਦਾ ਸੰਬੰਧ ਹੈ, ਖ਼ੁਸਰੋ ਦੀ ਦਸ਼ਾ ਬਿਲਕੁਲ ਸੁਰੱਖਿਅਤ ਹੈ। ਜਿਵੇਂ ਕਿ ਪਹਿਲਾਂ ਹੀ ਮੌਲਾਨਾ ਸ਼ਿਬਲੀ ਦਸ ਚੁਕਿਆ ਹੈ, ਜਿਹੜੀ ਗੱਲ ਉਹਨੂੰ ਦੂਜੇ ਸ਼ਾਇਰਾਂ ਨਾਲੋਂ ਨਖੇੜਦੀ ਹੈ ਉਹ ਉਸ ਦੀ ਬਹੁਪੱਖੀ ਸ਼ਖ਼ਸੀਅਤ ਤੇ ਉੱਚਾ ਆਚਰਣ ਹੈ। ਇਹਦਾ ਮਤਲਬ ਇਹ ਨਹੀਂ ਕਿ ਉਹ ਗ਼ਜ਼ਲ ਨਾਲ ਪੂਰਾ ਇਨਸਾਫ਼ ਨਹੀਂ ਸੀ ਕਰ ਸਕਦਾ; ਉਹਨੇ ਗ਼ਜ਼ਲ ਨੂੰ ਹੀ ਅਤਿ ਡੂੰਘੇ ਅੰਤਰੀਵ ਅਨੁਭਵਾਂ ਨੂੰ ਵਿਅੱਕਤ ਕਰਨ ਲਈ ਵਰਤਿਆ। ਜਿਹੜੀ ਅੱਗ ਉਹਦੇ ਦਿਲ ਵਿਚ ਬਲਦੀ ਸੀ ਉਹ ਸਿਰਫ਼ ਗ਼ਜ਼ਲ ਦੇ ਮਾਧਿਅਮ ਰਾਹੀਂ ਹੀ ਬਾਹਰ ਕਢੀ। ਜੋ ਉਹਨੇ ਅਨੁਭਵ ਕੀਤਾ ਸੀ ਤੇ ਜੋ ਕੁਝ ਉਹਦੇ ਅਮਲੀ ਤਜਰਬੇ ਵਿਚ ਆਇਆ ਸੀ, ਉਸ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਹੀ ਵਿਅੱਕਤ ਕੀਤਾ। ਜਿਹੜੇ ਅਧਿਆਤਮਕ ਅਮਲ ਉਹਨੇ ਹਜ਼ਰਤ ਨਿਜ਼ਾਮਉੱਦੀਨ ਔਲੀਆ ਦੀ ਸੰਗਤ ਵਿਚ ਗ੍ਰਹਿਣ ਕੀਤੇ ਉਹਨਾਂ ਨੇ ਉਹਦੀ ਜਜ਼ਬਾਤੀ ਅੱਗ ਨੂੰ ਹੋਰ ਤੇਜ਼ ਕੀਤਾ। ਉਸ ਦੇ ਮਿੱਤਰ ਅਮੀਰ ਹਸਨ ਸਿਜਜ਼ੀ ਨੇ, ਜਿਸ ਨੂੰ ਸਾਅਦੀ-ਏ-ਹਿੰਦ (ਹਿੰਦੁਸਤਾਨ ਦਾ ਸਾਅਦੀ) ਦੇ ਨਾਂ ਨਾਲ ਯਾਦ ਕੀਤਾ ਜਾਂਦਾ ਸੀ, ਉਹਦੀ ਤਾਰੀਫ਼ ਕੀਤੀ ਹੈ :

ਓ, ਖ਼ੁਸਰੋ, ਮੈਂ ਗ਼ਰੀਬ ਹਸਨ. ਜੋ ਕਹਿੰਦਾ ਹਾਂ, ਕਿਰਪਾ ਕਰ ਕੇ ਉਹਨੂੰ ਪ੍ਰਵਾਨ ਕਰ ਕੇ ਉਸ ਵਲ ਧਿਆਨ ਦੇ,

ਮੇਰੀ ਸ਼ਾਇਰੀ ਖ਼ੁਸਰੋ ਦੀ ਸ਼ਾਇਰੀ ਵਰਗੀ ਨਹੀਂ ਹੈ;
ਮੈਂ ਸਿਰਫ਼ ਇਸ ਨੁਕਤੇ 'ਤੇ ਹੀ ਜ਼ੋਰ ਦਿੰਦਾ ਹਾਂ ਕਿ ਇਹ ਮੈਂ
ਲਿਖੀ ਹੈ ।

ਖ਼ੁਸਰੋ ਵੀ ਹਸਨ ਦੀਆਂ ਗ਼ਜ਼ਲਾਂ ਦਾ ਬਹੁਤ ਮੱਦਾਹ ਸੀ। ਉਹ ਕਹਿੰਦਾ ਹੈ :

"ਓ, ਖ਼ੁਸਰੋ ਤੇਰੀ ਸ਼ਾਇਰੀ ਅਨੇਕਾਂ ਰਹੱਸ ਖੋਲ੍ਹਦੀ ਏ, ਪਰ ਇਸ ਵਿਚ ਕੁਝ ਅਜਿਹਾ ਹੈ ਜਿਸ ਵਿਚੋਂ ਹਸਨ ਦੀ ਸ਼ਾਇਰੀ ਦਾ ਸੁਆਦ ਆਉਂਦਾ ਹੈ ।

ਅਸੀਂ ਵੇਖਦੇ ਹਾਂ ਕਿ ਪਿਛੋਂ ਜਾ ਕੇ ਫ਼ੈਜ਼ੀ ਤੇ ਹਿਲਾਲੀ ਦੋਵੇਂ ਖ਼ੁਸਰੋ ਤੇ ਹਸਨ ਦੀ ਆਪਣੇ ਉਸਤਾਦਾਂ ਵਜੋਂ ਤਾਰੀਫ਼ ਕਰਦੇ ਹਨ । ਫ਼ੈਜ਼ੀ ਕਹਿੰਦਾ ਹੈ :

"ਜੇ ਤੂੰ ਮੇਰੇ ਗਿਆਨ ਦੀ ਵਿਸ਼ਾਲਤਾ ਬਾਰੇ ਪੁੱਛਦਾ ਹੈਂ ਤਾਂ ਮੈਂ ਤੈਨੂੰ ਬਹੁਤ ਕੁਝ ਦਸ ਸਕਦਾ ਹਾਂ, ਪਰ ਜੇ ਤੂੰ ਮੇਰੇ ਉਸਤਾਦ ਬਾਰੇ ਜਾਣਨਾ ਚਾਹੁੰਦਾ ਹੈਂ ਤਾਂ ਮੈਨੂੰ ਦਸਣਾ ਚਾਹੀਦਾ ਹੈ ਕਿ ਇਹ ਖ਼ੁਸਰੋ ਤੇ ਹਸਨ ਦੀ ਦਿਅ ਲੂ ਰੂਹ ਹੈ ।"

ਹਿਲਾਲੀ ਆਪਣੇ ਰਿਣ ਨੂੰ ਇੰਜ ਪਰਵਾਨ ਕਰਦਾ ਹੈ :

"ਹਿਲਾਲੀ ਨੇ ਆਪਣੀਆਂ ਕਾਵਿਕ ਨਿਪੁੰਨਤਾਵਾਂ ਸਦਕਾ ਬਾਦਸ਼ਾਹਤ ਲਈ ਹੈ, ਕਿਉਂਕਿ ਉਸ ਵਿਚ ਖ਼ੁਸਰੋ ਦੀ ਅੱਗ ਤੇ ਹਸਨ ਦੀ ਰਮਜ਼ ਦੀ ਬਰੀਕੀ ਹੈ ।"

ਉਨ੍ਹੀਵੀਂ ਸਦੀ ਦਾ ਪ੍ਰਸਿੱਧ ਉਰਦੂ ਸ਼ਾਇਰ ਮਿਰਜ਼ਾ ਅਸਦਉੱਲਾ ਖ਼ਾਨ ਗ਼ਾਲਿਬ, ਜਿਹੜਾ ਫ਼ੈਜ਼ੀ ਨੂੰ ਵੀ ਪ੍ਰਵਾਨ ਨਹੀਂ ਕਰਦਾ, ਅਮੀਰ ਖ਼ੁਸਰੋ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਦਿਆਂ ਉਸ ਦੀ ਤਾਰੀਫ਼ ਕਰਦਾ ਹੈ ।

ਅਮੀਰ ਖ਼ੁਸਰੋ ਨੇ ਗ਼ਜ਼ਲ ਦੇ ਸਬੰਧ ਵਿਚ ਜਿਹੜੀ ਦੇਣ ਦਿਤੀ ਹੈ ਉਹ ਅਮੁੱਲੀ ਤੇ ਬਹੁਪੱਖੀ ਹੈ । ਜਦੋਂ ਵੀ ਇਕ ਪ੍ਰਭਾਵਸ਼ਾਲੀ ਤੇ ਸੰਪੂਰਨ ਗ਼ਜ਼ਲ ਦੀ ਲੋੜ ਪਈ ਹੈ ਉਹ ਖ਼ੁਸਰੋ ਦੀ ਕਿਰਤ ਵਿਚੋਂ ਲਭ ਗਈ ਹੈ । ਕਿਧਰੇ ਅੱਗ ਤੇ ਜੋਸ਼, ਕਿਧਰੇ ਭਾਵਾਂ ਦੀ ਤੀਬਰਤਾ, ਕਿਧਰੇ ਵਸਲ ਦੀ ਖ਼ੁਸ਼ੀ ਤੇ ਵਿਛੋੜੇ ਦੀਆਂ ਪੀੜਾਂ, ਕਿਸੇ ਆਸ਼ਕ ਦੀ ਜ਼ਿੰਦਗੀ ਦੀ ਉਹ ਬਰਬਾਦੀ ਜੋ

ਇਸ਼ਕ ਉਸ ਨਾਲ ਖੇਡਾਂ ਖੇਡ ਕੇ ਕਰਦਾ ਹੈ, ਤੇ ਕਿਧਰੇ ਇਸ਼ਕ ਦੇ ਅਮਲਾਂ ਨਾਲ ਪੈਦਾ ਹੋਏ ਨਰੋਏ ਅਨੁਭਵ ਮਿਲਦੇ ਸਨ ਉਹ ਹੁਸਨ ਦੇ ਬਾਹਰੀ ਜੌਹਰ ਤੋਂ ਵੀ ਅਵੇਸਲਾ ਨਹੀਂ। ਉਹਦੀਆਂ ਗ਼ਜ਼ਲਾਂ ਉਤੇ ਸਰਸਰੀ ਨਜ਼ਰ ਮਾਰਿਆਂ ਹੀ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਹ ਕਿਵੇਂ ਹੁਸੀਨਾ ਦੀ ਤਾਰੀਫ਼ ਕਰਦਾ ਹੈ। ਹੁਸਨ ਦਾ ਬਿਆਨ ਕਰਦਿਆਂ ਉਹ ਕਦਮ ਕਦਮ ਉਤੇ ਅਟਕ ਅਟਕ ਜਿਵੇਂ ਠੇਡੇ ਖਾਂਦਾ ਹੈ। ਕਦੇ ਉਹਨੂੰ ਕਾਲੀਆਂ-ਸਿਆਹ ਲੰਮੀਆਂ ਜ਼ੁਲਫ਼ਾਂ ਖਿੱਚ ਪਾਉਂਦੀਆਂ ਹਨ, ਕਦੇ ਗੁਲਾਬੀ ਗੱਲ੍ਹਾਂ ਤੇ ਸੁਰਖ਼ ਹੋਠਾਂ ਦਾ ਭਖ਼ਾਅ ਟੀਲ ਲੈਂਦਾ ਹੈ। ਇਹਨਾਂ 'ਚੋਂ ਉਹਨੂੰ ਵਿਸਮਾਦ ਦਾ ਬਹਿਸ਼ਤ ਨਜ਼ਰ ਆਉਂਦਾ ਹੈ ਤੇ ਪਿਆਰ-ਤ੍ਰਿਹਾਏ ਲਈ ਜ਼ਿੰਦਗੀ ਦੀ ਸੰਜੀਵਨੀ ਬੂਟੀ ਦਾ ਅਨੁਭਵ ਹੁੰਦਾ ਹੈ। ਮੌਲਾਨਾ ਸ਼ਿਬਲੀ ਨੇ ਉਹਨੂੰ ਸਾਅਦੀ ਨਾਲ ਬਰਾਬਰਤਾ ਦਿਤੀ ਹੈ :

> "ਓ ਦੋਸਤਾ ! ਤੂੰ ਪੁੱਛਦਾ ਹੈਂ ਕਿ ਮੈਂ ਆਪਣੇ ਦਿਨ ਕਿੰਜ ਬਿਤਾਏ।
>
> ਕੀ ਪੁੱਛਦਾ ਏਂ, ਰੱਬ ਕਰੇ ਮੈਂ ਤੇਰੀ ਨਿਆਜ਼ ਬਣਾਂ, ਦਿਨ ਮੈਂ ਬੜੇ ਔਖੇ ਬਿਤਾਏ ਨੇ।
>
> ਖ਼ੁਸਰੋ, ਦਰਦਾਂ ਦੀਆਂ, ਹੁਸੀਨਾਂ ਦੀਆਂ ਕਹਾਣੀਆਂ ਦੀ ਰਾਤ ਹੈ, ਤੇ ਵਿਚਕਾਰ ਉਹ ਅਟਕ ਕੇ ਰਤਾ ਹੋ ਪੈਂਦਾ ਹੈ, ਤੇ ਮੁੜ ਫੇਰ ਕਹਾਣੀ ਸੁਣਾਉਣ ਲਗਦਾ ਹੈ।
>
> ਓ ਦਿਲਾ, ਮੈਨੂੰ ਸਬਰ ਲਈ ਨਾ ਕਹਿ, ਮੈਂ ਖਿਝ ਜਾਂਦਾ ਹਾਂ, ਤੂੰ ਉਹ ਗੱਲ ਕਰਨ ਲਈ ਮੈਨੂੰ ਕਿਉਂ ਕਹਿੰਦਾ ਹੈਂ ਜੋ ਹੋ ਨਹੀਂ ਸਕਦੀ !"
>
> ਤੂੰ ਮੈਨੂੰ ਕਿਹਾ ਸੀ 'ਮੈਂ ਤੈਨੂੰ ਕਦੇ ਆਪਣਾ ਚਿਹਰਾ ਖ਼ਾਬ 'ਚ ਵਿਖਾਵਾਂਗਾ।' ਇਹ ਕਿਸੇ ਹੋਰ ਨੂੰ ਦੱਸ, ਕਿਉਂਕਿ ਆਸ਼ਕਾਂ ਦਾ ਕੋਈ ਖ਼ਾਬ ਨਹੀਂ ਹੁੰਦਾ।

ਉਹਦਾ ਡੂੰਘਾ ਸੋਜ਼, ਉਹਦਾ 'ਹੰਝੂਆਂ ਦਾ ਅਹਿਸਾਸ', ਉਹਦੀ ਨਾਜ਼ਕ-ਖ਼ਿਆਲੀ ਤੇ ਸਭ ਤੋਂ ਵਧੇਰੇ ਉਹਦਾ ਆਪਾ-ਪ੍ਰਗਟਾਅ ਦਾ ਸਿਧ-ਪਧਰਾ ਢੰਗ, ਸਭ ਉਹਦੀਆਂ ਗ਼ਜ਼ਲਾਂ ਨੂੰ ਚਮਕ-ਦਮਕ ਬਖ਼ਸ਼ਦੇ ਹਨ। ਆਉਣ ਵਾਲਿਆਂ ਸ਼ਾਇਰਾਂ ਲਈ ਉਹਨੇ ਸਦੀਵੀ ਕਦਰ-ਕੀਮਤ ਦੀ ਮਿਸਾਲ ਤੇ ਰਵਾਇਤ ਕਾਇਮ ਕੀਤੀ। ਹੁਣੇ ਹੀ ਉਹਦੀਆਂ ਗ਼ਜ਼ਲਾਂ ਦੇ ਇਕ ਦੀਵਾਨ ਦਾ ਡੀਲਕਸ

ਸੰਸਕ੍ਰਣ ਈਰਾਨ ਤੋਂ 'ਇੰਤਸ਼ਾਰਾਤ-ਏ-ਜਾਵੇਦਾਂ' ਵਲੋਂ ਪ੍ਰਕਾਸ਼ਤ ਹੋਇਆ ਹੈ। ਇਸ ਪੂਰੇ ਦੀਵਾਨ ਦਾ ਸੰਪਾਦਨ ਜਨਾਬ ਸਈਦ ਨਾਫ਼ਸੀ ਵਲੋਂ ਕੀਤਾ ਗਿਆ ਹੈ ਤੇ ਇਸ ਵਿਚ ਕੁਲ — ੧੭੨੬ ਗ਼ਜ਼ਲਾਂ ਹਨ।

ਮਥਨਵੀ ਦੇ ਲੇਖਕ ਵਜੋਂ ਉਹਦਾ ਸਥਾਨ ਬੜਾ ਉੱਚਾ ਹੈ ਤੇ ਉਹਦੀਆਂ ਮਥਨਵੀਆਂ ਇਸ ਗੱਲ ਦਾ ਪ੍ਰਮਾਣ ਹਨ। 'ਖ਼ਮਸਾ' ਜਾਂ 'ਪੰਜ ਗੰਜ' ਦੇ ਨਾਂ ਨਾਲ ਹੁਣ ਤਕ ਪ੍ਰਸਿਧ ਮਥਨਵੀਆਂ ਇਕ ਬੜਾ ਦਲੇਰਾਨਾ ਕਦਮ ਹਨ ਜਿਹੜਾ ਖ਼ੁਸਰੋ ਦੀ ਪੱਧਰ ਦੇ ਸ਼ਾਇਰ ਤੋਂ ਬਿਨਾਂ ਹੋਰ ਕੋਈ ਸ਼ਾਇਰ ਚੁੱਕਣ ਦਾ ਹੌਸਲਾ ਨਹੀਂ ਸੀ ਕਰ ਸਕਦਾ। ਮੌਲਾਨਾ ਨਿਜ਼ਾਮੀ ਗੰਜਵੀ ਨੇ ਸਾਰੀ ਸਮੱਗਰੀ ਪਹਿਲੋਂ ਹੀ ਵਰਤ-ਵਰਤਾ ਲਈ ਹੋਈ ਸੀ; ਖ਼ੁਸਰੋ ਨੂੰ ਸਿਰਫ਼ ਉਹ ਘਟਨਾਵਾਂ ਤੇ ਵਾਰਤਾਵਾਂ ਲੈਣੀਆਂ ਪਈਆਂ ਜੋ ਮੌਲਾਨਾ ਨਿਜ਼ਾਮੀ ਰੱਦ ਕਰ ਚੁਕਿਆ ਸੀ। ਖ਼ੁਸਰੋ ਨੇ ਮੁਸ਼ਕਲ ਨੂੰ ਹੱਥ ਪਾਇਆ, ਪਰ ਇਕ ਵਾਰ ਇਰਾਦਾ ਧਾਰ ਲਿਆ, ਤੇ ਫੇਰ ਉਹਨੂੰ ਨੇਪਰੇ ਚਾੜ੍ਹਨਾ ਪਿਆ। ਤਿੰਨਾਂ ਵਰ੍ਹਿਆਂ ਦੇ ਥੋੜੇ ਸਮੇਂ ਦੇ ਅੰਦਰ ਅੰਦਰ ਉਹਨੇ 'ਖ਼ਮਸਾ' ਦੀਆਂ ਪੰਜ ਮਥਨਵੀਆਂ ਮੁਕੰਮਲ ਕੀਤੀਆਂ ਸਮੁੱਚੇ ਤੌਰ 'ਤੇ ਵੇਖਿਆਂ ਇਹ ਮਥਨਵੀਆਂ ਉਹਦੇ ਮਥਨਵੀ-ਲੇਖਣ ਦੇ ਦਾਅਵੇ ਦੀ ਪੁਸ਼ਟੀ ਕਰਦੀਆਂ ਹਨ। ਇਹਨਾਂ ਮਥਨਵੀਆਂ ਵਿਚੋਂ ਪਹਿਲੀ, 'ਮਤਲਾ-ਉਲ-ਅਨਵਾਰ' ਜੋ ਮੌਲਾਨਾ ਨਿਜ਼ਾਮੀ ਦੀ 'ਖ਼ਮਜ਼ਾਨ-ਏ-ਅਸਰਾਰ' ਦੇ ਜੁਆਬ ਵਿਚ ਇਕੋ ਪੰਦਰਵਾੜੇ ਵਿਚ ਪੂਰੀ ਕੀਤੀ ਗਈ, ਤੇ ਇਸ ਵਿਚ ੩੩੨੪ ਕਵਿਤਾਵਾਂ ਹਨ। ੬੯੮ ਹਿਜਰੀ ਦੇ ਉਸੇ ਹੀ ਵਰ੍ਹੇ ਵਿਚ, ਇਹ ਮਥਨਵੀ ਪੂਰੀ ਕਰਨ ਪਿਛੋਂ ਉਹਨੇ ਏਸੇ ਲੜੀ ਦੀਆਂ ਦੋ ਹੋਰ ਮਥਨਵੀਆਂ ਨੂੰ ਲਿਖਣਾ ਅਰੰਭ ਕੀਤਾ। ਇਕ 'ਸ਼ੀਰੀ-ਓ-ਖ਼ੁਸਰੋ' ਤੇ ਦੂਜੀ 'ਮਜਨੂੰ-ਓ-ਲੈਲਾ'। ਉਸ ਤੋਂ ਅਗਲੇ ਵਰ੍ਹੇ, ੬੯੯ ਹਿਜਰੀ ਵਿਚ ਅਸੀਂ ਉਹਨੂੰ ਚੋਥੀ ਮਥਨਵੀ 'ਆਈਨਾ-ਏ-ਸਿਕੰਦਰੀ' ਉਤੇ ਕੰਮ ਕਰਦਿਆਂ ਵੇਖਦੇ ਹਾਂ। ਤੇ ਫੇਰ ਇਕ ਸਾਲ ਦਾ ਵਕਫ਼ਾ ਪੈ ਗਿਆ ਤੇ ਪੰਜਵੀਂ ਮਥਨਵੀ 'ਹਸ਼ਤ-ਬਹਿਸ਼ਤ' ਨੂੰ ੭੦੧ ਵਿਚ ਹੀ ਛੋਹਿਆ ਤੇ ਮੁਕੰਮਲ ਕੀਤਾ ਜਾ ਸਕਿਆ। ਉਹਨੇ ਪ੍ਰਤੱਖ ਤੌਰ 'ਤੇ ਤਾਂ 'ਖ਼ਮਸਾ' ਨੂੰ ਪੂਰਿਆਂ ਕਰਨ ਵਿਚ ਚਾਰ ਸਾਲ ਲਾਏ, ਪਰ ਅਸਲ ਵਿਚ ਸਿਰਫ਼ ਤਿੰਨ ਵਰ੍ਹੇ ਹੀ ਲਗੇ ਸਨ। ਇਹ ਗੱਲ ਅਮੀਰ ਖ਼ੁਸਰੋ ਹੇਠਲੇ ਸ਼ਿਅਰ ਵਿਚ ਆਪ ਵੀ ਸਵੀਕਾਰ ਕਰਦਾ ਹੈ:

ਕੀ ਆਜ਼ਾਨ, ਨਕਦ-ਏ-ਕੀਮਤੀ ਬਾ ਸਿਹ ਸਾਲ ।
ਕਰਦਮ ਇਨ ਪੰਜ ਗੰਜ ਮਾਲਾ-ਮਾਲ[1] ।

ਮੌਲਾਨਾ ਨਿਜ਼ਾਮੀ ਗੰਜਵੀ ਤੇ ਅਮੀਰ ਖ਼ੁਸਰੋ ਦੇ ਸਮੇਂ ਵਿਚ ਇਕ ਸੌ ਵਰ੍ਹੇ ਦਾ ਫ਼ਰਕ ਹੈ, ਪਰ ਇਹ ਗੱਲ ਬੜੀ ਹੀ ਹੈਰਾਨੀ-ਜਨਕ ਹੈ ਕਿ ਇਕ ਸੌ ਵਰ੍ਹੇ ਦੇ ਸਮੇਂ ਦੌਰਾਨ, ਫ਼ਾਰਸੀ ਦੇ ਇਕ ਵੀ ਸ਼ਾਇਰ ਨੇ ਮੌਲਾਨਾ ਨਿਜ਼ਾਮੀ ਵਰਗੇ ਮਹਾਨ ਉਸਤਾਦ ਨਾਲ ਨਹੁੰ-ਪੰਜਾ ਲੈ ਕੇ ਆਪਣੀ ਦਸ਼ਾ ਤੇ ਪ੍ਰਸਿੱਧੀ ਨੂੰ ਖ਼ਤਰੇ ਵਿਚ ਪਾਣ ਦਾ ਹੌਸਲਾ ਨਹੀਂ ਸੀ ਕੀਤਾ । ਇਕ ਸੌ ਵਰ੍ਹੇ ਪਿਛੋਂ, ਮੌਲਾਨਾ ਨਿਜ਼ਾਮੀ ਦੇ ਇਹਨਾਂ ਰਾਹਾਂ 'ਤੇ ਤੁਰਨਾ ਇਕ ਹਿੰਦੁਸਤਾਨੀ ਦੇ ਹੀ ਹਿੱਸੇ ਆਇਆ । ਇਹ ਜਾਪਦਾ ਹੈ ਕਿ ਖ਼ੁਸਰੋ ਤੋਂ ਪਹਿਲਾਂ ਸਾਰਿਆਂ ਲਈ ਇਹ ਬੂਹੇ ਬੰਦ ਰਹੇ ਸਨ, ਪਰ ਉਸ ਤੋਂ ਪਿਛੋਂ ਸਾਰਿਆਂ ਲਈ ਇਹ ਬੂਹੇ ਚੁਪੱਟ ਖੁਲ੍ਹ ਗਏ ਤੇ ਕਿੰਨੇ ਹੀ ਸ਼ਾਇਰ ਉਹਦੇ ਨਕਸ਼ੇ-ਕਦਮਾਂ 'ਤੇ ਤੁਰਨ ਲਗ ਪਏ । ਅਤਿਅੰਤ ਸੰਭਵ ਗੱਲ ਹੈ ਕਿ ਖ਼ੁਸਰੋ ਨੇ ਭਵਿੱਖ ਦਾ ਰਸਤਾ ਹੀ ਵਿਖਾਇਆ ਸੀ, ਕਿਉਂਕਿ ਉਹ ਕਹਿੰਦਾ ਹੈ :

ਹਰ ਚੇ ਨਵੀਸਾਮ ਬਾ ਸਰੇ-ਦਾਸਤਾਂ,
ਰਾਸਤ ਕੁਨਮ ਰਾਹ ਜ਼ੇ ਪਾਏ ਰਾਸਤਾਂ;
ਤਾ ਕਲਾਮ-ਏ-ਹਰ ਕੀ ਦਾਵਾ-ਦਾਉ ਕੁਨਦ,
ਪਸ ਰਵੀ-ਏ-ਇਨ ਰਵਿਸ਼-ਏ-ਨੌ ਕੁਨਦ ।[2]

ਉਹਦੇ ਪੈਰੋਕਾਰ ਸ਼ਾਇਰਾਂ ਦੀ ਗਿਣਤੀ ਬੜੀ ਵੱਡੀ ਹੈ । ਉਹਨਾਂ 'ਚੋਂ ਕੁਝ ਕੁ ਚੋਣਵੇਂ ਇਹ ਹਨ : ਖਾਜੋ ਕਿਰਮਾਨੀ, ਖ਼ਵਾਜਾ ਇੱਮਾਦ ਫ਼ਕੀਹ ਕਿਰਮਾਨੀ, ਮੌਲਾਨਾ ਕਾਤਬੀ ਨਿਸ਼ਾਪੁਰੀ, ਮੌਲਾਨਾ ਜਾਮੀ, ਗ਼ੱਜ਼ਾਲੀ ਮਸ਼ਹੱਦੀ, ਉਰਫ਼ੀ ਸ਼ਿਰਾਜ਼ੀ, ਸ਼ੇਖ਼ ਫ਼ੈਜ਼ੀ ਫ਼ਯਾਜ਼ੀ, ਮਲਿਕ ਕੱਯੂਮੀ ਤੇ ਮੌਲਾਨਾ ਜ਼ਹੂਰੀ,

1. ਹਸ਼ਤ ਬਹਿਸ਼ਤ : ਮੈਂ ਇਹ ਕੀਮਤੀ ਸ਼ੇਆਂ ਦਾ ਖ਼ਜ਼ਾਨਾ (ਪੰਜ ਗੰਜ) ਤਿੰਨਾਂ ਵਰ੍ਹਿਆਂ ਵਿਚ ਭਰਿਆ ਸੀ ।

2. ਕਹਾਣੀ ਦੇ ਢੰਗ ਵਿਚ ਕੁਝ ਵੀ ਲਿਖਾਂ, ਮੈਂ ਦੂਜਿਆਂ ਲਈ ਮੈਦਾਨ ਤਿਆਰ ਕਰ ਦਿਤਾ ਹਾਂ, ਤਾਂ ਜੋ ਜਿਹੜਾ ਵੀ ਇਸ ਨੂੰ ਦੁਹਰਾਏ, ਇਸ ਨਵੀਂ ਸ਼ੈਲੀ ਪਿਛੇ ਤੁਰ ਸਕੇ ।

ਹਾਕਿਮ ਸ਼ਫ਼ਾਈ ਇਸਫ਼ਹਾਨੀ ਤੇ ਮਿਰਜ਼ਾ ਮੁਹੰਮਦ ਤਾਹਿਰ ਵਾਹਿਦ (ਕਜ਼ਯੂਈਨੀ) ਮੌਲਾਨਾ ਜਾਮੀ, 'ਬਹਾਰਿਸਤਾਨ-ਏ-ਜਾਮੀ' ਵਿਚ ਕਹਿੰਦਾ ਹੈ :

"ਮੌਲਾਨਾ ਨਿਜ਼ਾਮੀ ਦੇ 'ਖ਼ਮਸਾ' ਦੇ ਟਾਕਰੇ 'ਤੇ, ਖ਼ੁਸਰੋ ਤੋਂ ਬਿਨਾਂ ਹੋਰ ਕੋਈ ਏਦੂੰ ਚੰਗੇਰੀ ਰਚਨਾ ਨਹੀਂ ਲਿਖੀ ਗਈ।"

'ਖ਼ਮਸਾ' ਤੋਂ ਬਿਨਾਂ ਉਹਨੇ ਇਤਿਹਾਸਕ ਮਥਨਵੀਆਂ ਵੀ ਲਿਖੀਆਂ ਹਨ। 'ਕਿਰਨ-ਅਸ-ਸਾਦਾਇਨ' (ਦੋ ਸੁਭਾਗੇ ਸਿਤਾਰਿਆਂ ਦਾ ਸੁਮੇਲ), 'ਮਿਫਤਾਹ-ਉੱਲ-ਫ਼ਤਹ' (ਕਾਮਯਾਬੀ ਦੀ ਕੁੰਜੀ) 'ਆਸ਼ਿਕਾ' (ਖ਼ਿਦਰ ਖ਼ਾਨ ਤੇ ਦੇਵਾਲ ਰਾਵੀ ਦੀ ਪਿਆਰ-ਕਹਾਣੀ) 'ਨੂਹ ਸਿਪਹਿਰ' ਤੇ 'ਤੁਗ਼ਲਕ ਨਾਮਾ' ਇਸ ਲੜੀ ਦੀ ਪਹਿਲੀ ਮਥਨਵੀ ਦਾ ਹਵਾਲਾ ਪਿਛੇ ਦਿਤਾ ਜਾ ਚੁਕਾ ਹੈ ਤੇ ਉਹਨਾਂ ਦਾ ਵਿਸਥਾਰ ਪੂਰਬਕ ਵਿਸ਼ਲੇਸ਼ਨ ਵੀ। ਕਈਕੋਬਾਦ ਦੇ ਰਾਜ ਸਮੇਂ ਦੀ ਰਾਜਸੀ ਤੇ ਅਖ਼ਲਾਕੀ ਉਥਲ-ਪੁਥਲ ਦਾ ਜ਼ਿਕਰ ਕਰਦਿਆਂ ਤੇ ਇਹਦੇ ਨਤੀਜੇ ਵਜੋਂ, ਬਾਦਸ਼ਾਹ ਦੇ ਪਿਤਾ ਬੁਗਰਾ ਖ਼ਾਨ ਦੀ, ਹੋਰ ਅਧੋਗਤੀ ਨੂੰ ਰੋਕਣ ਲਈ, ਬੰਗਾਲ ਤੋਂ ਦਿੱਲੀ ਵਲ ਚੜ੍ਹਾਈ ਦਾ ਜ਼ਿਕਰ ਕਰਦਿਆਂ, ਕੀਤਾ ਜਾ ਚੁੱਕਾ ਹੈ।

ਇਸ ਲੜੀ ਦੀ ਦੂਜੀ ਮਥਨਵੀ ਹੈ, 'ਮਿਫਤਾਹ-ਉੱਲ-ਫ਼ਤਹ।' ਇਸ ਮਥਨਵੀ ਵਿਚ ਸ਼ਾਇਰ ਨੇ ਸੁਲਤਾਨ ਜਲਾਲਉੱਦੀਨ ਖ਼ਿਲਜੀ ਦੀਆਂ ਉਹਨਾਂ ਚਾਰ ਜਿੱਤਾਂ ਦਾ ਵਰਨਣ ਕੀਤਾ ਹੈ ਜੋ ਉਸ ਨੇ ਇਕ ਸਾਲ ਦੇ ਅੰਦਰ ਅੰਦਰ ਪ੍ਰਾਪਤ ਕੀਤੀਆਂ, ਮਥਨਵੀ ਦੀ ਰਵਾਇਤੀ ਸ਼ੈਲੀ ਵਿਚ ਲਿਖੀ ਹੋਈ ਹੈ।

ਇਸ ਵਿਚ ਸ਼ੱਕ ਨਹੀਂ ਕਿ 'ਆਸ਼ਿਕਾ', ਜਿਹੜੀ ਮੁਖ ਰੂਪ ਵਿਚ ਖ਼ਿਦਰ ਖ਼ਾਨ ਤੇ ਦੇਵਾਲ ਰਾਣੀ ਦੀ ਪਿਆਰ-ਕਹਾਣੀ ਦਾ ਹੀ ਚਿਤਰ ਹੈ, ਇਕ ਬੜੀ ਨਰੋਈ ਰਚਨਾ ਹੈ, ਪਰ ਇਸ ਦੀ ਆਪਣੀ ਇਕ ਇਤਿਹਾਸਕ ਕੀਮਤ ਹੈ ਕਿਉਂਕਿ ਇਹ ਉਸ ਸ਼ਾਹਜ਼ਾਦੇ ਖ਼ਿਦਰ ਖ਼ਾਨ ਦੇ ਜੀਵਨ ਤੇ ਉਸ ਦੀ ਦੁਖਾਂਤਕ ਹੋਣੀ ਨਾਲ ਸਬੰਧਤ ਹੈ, ਜਿਹੜਾ ਪਹਿਲਾਂ ਕੈਦ ਕੀਤਾ ਗਿਆ ਫੇਰ ਨਾਬੀਨਾ ਕੀਤਾ ਗਿਆ ਤੇ ਅੰਤ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਅਮੀਰ ਖ਼ੁਸਰੋ ਦਾ ਖ਼ਿਦਰ ਖ਼ਾਨ ਨਾਲ ਉਂਜ ਵੀ ਮੋਹ ਤੇ ਹਮਦਰਦੀ ਸੀ ਕਿਉਂਕਿ ਉਹ ਹਜ਼ਰਤ ਨਿਜ਼ਾਮਉੱਦੀਨ ਔਲੀਆ ਜੀ ਦੇ ਰੂਹਾਨੀ ਸਤਿਸੰਗ ਨਾਲ ਵੀ ਸਬੰਧਤ ਸੀ ਤੇ ਕਲਾ ਤੇ ਸਾਹਿੱਤ ਦਾ ਮਹਾਨ ਸਰਪ੍ਰਸਤ ਸੀ। ਅਮੀਰ ਖ਼ੁਸਰੋ ਨੇ ਇਸ ਮਥਨਵੀ ਵਿਚ ਉਹਨੂੰ

ਅਮਰ ਕਰ ਕੇ ਉਹੋ ਕੁਝ ਕੀਤਾ ਜੋ ਕਰਨਾ ਉਹਦਾ ਫ਼ਰਜ਼ ਬਣਦਾ ਸੀ। ਤੇ ਇੰਜ ਇਹ ਮਥਨਵੀ ਬਹੁਤ ਹੀ ਮਹੱਤਵਪੂਰਨ ਸਮਕਾਲੀ ਘਟਨਾ ਉਤੇ ਚਾਨਣਾ ਪਾਉਂਦੀ ਹੈ।

ਚੌਥੀ ਮਥਨਵੀ ਮੁਬਾਰਕ ਸ਼ਾਹ ਖ਼ਿਲਜੀ ਦੀ ਆਪਣੀ ਬੇਨਤੀ 'ਤੇ ਹੀ ਉਹਦੇ ਰਾਜ ਦੇ ਦੌਰਾਨ ਪੂਰੀ ਕੀਤੀ ਗਈ। ਸ਼ਾਇਰ ਨੇ ਇਸ ਮਥਨਵੀ ਨੂੰ ਨੌਂ ਭਾਗਾਂ ਵਿਚ ਵੰਡਿਆ ਹੈ ਇਹਦੇ ਹਰ ਭਾਗ ਨੂੰ 'ਸਿਪਹਿਰ' (ਅਸਮਾਨ) ਕਿਹਾ ਜਾਂਦਾ ਹੈ। ਇਸ ਮਥਨਵੀ ਵਿਚ ਸ਼ਾਇਰ ਨੇ ਆਪਣੀਆਂ ਦੂਜੀਆਂ ਮਥਨਵੀਆਂ ਨਾਲੋਂ, ਤੇ ਮਥਨਵੀ-ਸ਼ੈਲੀ ਦੀ ਰਵਾਇਤ ਨਾਲੋਂ, ਵੱਖਰੇ ਤੋਲ-ਤੁਕਾਂਤ ਵਰਤੇ ਹਨ। ਡਾਕਟਰ ਵਾਹੀਦ ਮਿਰਜ਼ਾ ਲਿਖਦੇ ਹਨ :

> "ਇਹ ਕਵਿਤਾ ਅਸਲ ਵਿਚ ਇਤਿਹਾਸਕ ਤੇ ਸਮਾਜਕ ਦਿਲਚਸਪੀ ਦੀਆਂ ਵਿਸ਼ਾਲ ਗੱਲਾਂ ਨਾਲ ਭਰਪੂਰ ਹੈ ਤੇ ਬੜੇ ਹੀ ਭਰੋਸੇ ਨਾਲ ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਇਹ ਮਥਨਵੀ-ਸਾਹਿੱਤ ਦੀ ਸਮੁੱਚੀ ਲੜੀ ਵਿਚ ਸ਼ੈਲੀ ਤੇ ਤੱਤ ਦੇ ਪੱਖੋਂ ਇਕ ਲਾਸਾਨੀ ਰਚਨਾ ਹੈ......ਇਹ ਇਕ ਅਜਿਹੀ ਕਵਿਤਾ ਹੈ ਜਿਸ ਦਾ ਗਹੁ ਨਾਲ ਕੀਤਾ ਅਧਿਅਨ ਹੀ ਸਾਨੂੰ ਇਸ ਦੀ ਪੂਰੀ ਮਹਾਨਤਾ ਦਰਸਾ ਸਕਦਾ ਹੈ ਤੇ ਫੇਰ ਹੀ ਅਸੀਂ ਇਹਨੂੰ ਵਧੇਰੇ ਸਲਾਹ ਸਕਦੇ ਹਾਂ।"[1]

ਇਹਨਾਂ ਇਤਿਹਾਸਕ-ਮਥਨਵੀਆਂ ਵਿਚੋਂ ਅੰਤਲੀ 'ਤੁਗ਼ਲਕ ਨਾਮਾ' ਹੈ ਜਿਹੜੀ ਉਸ ਨੇ ਸੁਲਤਾਨ ਗ਼ਿਆਸਉੱਦੀਨ ਤੁਗ਼ਲਕ ਦੇ ਰਾਜ ਸਮੇਂ ਲਿਖਣੀ ਅਰੰਭ ਕੀਤੀ, ਪਰ ਸੁਲਤਾਨ ਖ਼ੁਸਰੋ ਦੀ ਬੌਧਿਕ ਮਿਹਨਤ ਦਾ ਫਲ ਵੇਖਣ ਲਈ ਜੀਊਂਦਾ ਨਾ ਰਹਿ ਸਕਿਆ ਤੇ ਨਾ ਹੀ ਸ਼ਾਇਰ, ਉਹਦੇ ਜੀਊਂਦਿਆਂ ਜੀਊਂਦਿਆਂ ਇਹਨੂੰ ਪੂਰੀ ਕਰ ਸਕਿਆ। ਇਹ ਇਤਿਹਾਸਕ ਸ਼ਾਹਕਾਰ ਲਿਖਣ ਵੇਲੇ ਉਹਦੀ ਉਮਰ ਸੱਤਰ ਸਾਲ ਤੋਂ ਉਪਰ ਸੀ ਤੇ ਉਹਦਾ ਆਪਣਾ ਅੰਤ ਵੇਲਾ ਵੀ ਨੇੜੇ ਆ ਰਿਹਾ ਸੀ। ਉਹ ਸਿਰਫ਼ ਸੁਲਤਾਨ ਮੁਹੰਮਦ ਤੁਗ਼ਲਕ ਦੀ ਤਖ਼ਤ-ਨਸ਼ੀਨੀ ਹੀ ਵੇਖ ਸਕਿਆ, ਜਿਹੜਾ ਸੁਲਤਾਨ ਗ਼ਿਆਸਉੱਦੀਨ ਤੁਗ਼ਲਕ ਤੋਂ ਪਿਛੋਂ ਤਖ਼ਤ 'ਤੇ ਬੈਠਾ ਸੀ। ਇਹ ਮਥਨਵੀ ਹੈਦਰਾਬਾਦ ਤੋਂ ਪਰਕਾਸ਼ਤ ਕੀਤੀ ਗਈ ਹੈ।

---

1. 'ਅਮੀਰ ਖ਼ੁਸਰੋ ਦਾ ਜੀਵਨ ਤੇ ਰਚਨਾਵਾਂ'।

ਇਸ ਗੱਲ ਦਾ ਪਰਤੱਖ ਸਬੂਤ ਖ਼ੁਸਰੋ ਦੀਆਂ ਵਾਰਤਕ ਰਚਨਾਵਾਂ ਤੋਂ ਮਿਲਦਾ ਹੈ ਕਿ ਉਹਨੇ ਸਿਰਫ਼ ਆਪਣੇ ਆਪ ਨੂੰ ਕਵਿਤਾ ਦੇ ਦਾਇਰੇ ਵਿਚ ਹੀ ਨਹੀਂ ਸੀ ਬੰਨ੍ਹ ਕੇ ਰਖਿਆ ਹੋਇਆ । ਇਹ ਉਹਦੀਆਂ ਇਹਨਾਂ ਰਚਨਾਵਾਂ ਤੋਂ ਪਰਤੱਖ ਹੁੰਦਾ ਹੈ । ਰਚਨਾਵਾਂ ਹਨ — 'ਇਜਾਜ਼-ਏ-ਖ਼ੁਸਰਵੀ' 'ਖ਼ਜ਼ਾਇਨ-ਉੱਲ-ਫ਼ਤਹ', ਤੇ 'ਅਫ਼ਜ਼ਲ-ਉੱਲ-ਫ਼ਵਾਇਦ' । 'ਇਜਾਜ਼-ਏ-ਖ਼ੁਸਰਵੀ' ਵਿਚ ਅਸੀਂ ਉਹਨੂੰ ਵਖੋ ਵੱਖਰੀਆਂ ਵਾਰਤਕ ਸ਼ੈਲੀਆਂ ਦੇ ਤਜਰਬੇ ਕਰਦਿਆਂ ਵੇਖਦੇ ਹਾਂ ਤੇ ਇਸ ਪੱਖੋਂ ਉਹਨੇ ਆਪਣੀ ਵਿਦਵਤਾ ਦਾ ਅਦੁਤੀ ਸਬੂਤ ਦਿਤਾ ਹੈ । ਇਹ ਵਡੀ ਰਚਨਾ ਪੰਜ ਭਾਗਾਂ ਵਿਚ ਵੰਡੀ ਹੋਈ ਹੈ। ਉਹਨੇ ਇਹਦੇ ਪਹਿਲੇ ਚਾਰ ਭਾਗ ੬੮੨ ਹਿਜਰੀ ਵਿਚ ਪੂਰੇ ਕੀਤੇ ਸਨ, ਪਰ ਪੰਜਵਾਂ ਉਹਨੇ ਪਿਛੋਂ ਸ਼ਾਮਲ ਕੀਤਾ । ਇਸ ਰਚਨਾ ਦਾ ਵਿਸਥਾਰ ਪੂਰਵਕ ਅਧਿਅਨ, ਸਮੇਂ ਤੇ ਅਵਸਰ ਦੀ ਮੰਗ ਕਰਦਾ ਹੈ ।

ਉਸ ਦੀ ਅਗਲੀ ਵਾਰਤਕ ਰਚਨਾ 'ਖ਼ਜ਼ਾਇਨ-ਉੱਲ-ਫ਼ਤਹ' ਮੂਲ ਰੂਪ ਵਿਚ ਇਕ ਇਤਿਹਾਸਕ ਰਚਨਾ ਹੈ, ਤੇ ਇਸ ਵਿਚ ੬੦੫ ਹਿਜਰੀ ਤੋਂ ੭੧੧ ਹਿਜਰੀ ਦੇ ਵਿਚਕਾਰ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਹੈ । ਇਸ ਸਮੇਂ ਦੇ ਦੌਰ ਨ ਉਹਦਾ ਸਬੰਧ ਸੁਲਤਾਨ ਅਲਾਉੱਦੀਨ ਖ਼ਿਲਜੀ ਦੇ ਦਰਬਾਰ ਨਾਲ ਸੀ । ਉਹਨੇ ਇਹ ਇਤਿਹਾਸ ਸਰਕਾਰੀ ਤੌਰ 'ਤੇ ਦਿਤੀ ਗਈ ਲਿਖਤੀ ਸੂਚਨਾ ਦੇ ਆਧਾਰ 'ਤੇ ਬਿਆਨ ਕੀਤਾ ਹੈ । ਡਾਕਟਰ ਵਾਹੀਦ ਮਿਰਜ਼ਾ ਨੇ ਇਸ ਕਿਤਾਬ ਦੇ ਮਜ਼ਮੂਨ ਦਾ ਵਿਸ਼ਲੇਸ਼ਨ ਇੰਜ ਕੀਤਾ ਹੈ :

> "ਕੱਰਾ ਤੇ ਮਾਣਕਪੁਰ ਦਾ ਗਵਰਨਰ ਹੁੰਦਿਆਂ ਅਲਾਉੱਦੀਨ ਦੀ ਦਿਉਗਿਰ ਦੀ ਮੁਹਿੰਮ, ਉਹਦਾ ਦਿੱਲੀ ਵਲ ਕੂਚ ਤੇ ਤਖ਼ਤ 'ਤੇ ਕਬਜ਼ਾ; ਉਹਦੇ ਵਲੋਂ ਆਪਣੀ ਸਲਤਨਤ ਵਿਚ ਅਮਨ ਤੇ ਖ਼ੁਸ਼ਹਾਲੀ ਦੀ ਸਥਾਪਨਾ ਕਰਨ ਤੇ ਅਧਰਮ ਤੇ ਲਾ-ਕਾਨੂੰਨੀ ਦੀਆਂ ਕਾਰਵਾਈਆਂ ਨੂੰ ਦਬਾਣ ਲਈ ਅਪਣਾਏ ਗਏ ਢੰਗ;
>
> ਉਹਦੀਆਂ ਇਮਾਰਤਾਂ, ਜਾਮਾ ਮਸਜਿਦ, ਦਿੱਲੀ ਦੀਆਂ ਫ਼ਸੀਲਾਂ 'ਅਲਾਈ ਮੀਨਾਰ', ਤੇ 'ਸ਼ਮਸੀ-ਤਲਾਅ' ;
>
> ਉਹਦੀਆਂ ਮੰਗੋਲਾਂ ਦੇ ਵਿਰੁਧ ਕਾਮਯਾਬ ਮੁਹਿੰਮਾਂ ਤੇ ਉਹਨਾਂ ਲਈ ਬਣਦੀ ਕਰੜੀ ਸਜ਼ਾ ;

ਗੁਜਰਾਤ ਤੇ ਰਣਥੰਬੋਰ ਦੀ ਜਿੱਤ ;

ਮਾਲਵਾ ਤੇ ਚਿਤੌੜ ਦੀ ਜਿੱਤ ;

ਮਲਿਕ ਕਾਫ਼ੂਰ ਦੀ ਸੌਂਪਣੀ ਵਿਚ ਦਿਉਗਿਰ ਦੀ ਸੋਧ-ਮੁਹਿੰਮ ਤੇ ੭੦੮ ਹਿਜਰੀ ਵਿਚ ਆਪੂੰ, ਬਾਦਸ਼ਾਹ ਵਲੋਂ ਸਿਵਾਨਾ ਦੀ ਜਿੱਤ ;

੭੦੯ ਹਿਜਰੀ ਵਿਚ ਮਲਿਕ ਕਾਫ਼ੂਰ ਵਲੋਂ ਤਿਲੰਗਾਨਾ ਦੀ ਜਿੱਤ ;

੭੧੦ ਹਿਜਰੀ ਵਿਚ ਮਲਿਕ ਕਾਫ਼ੂਰ ਵਲੋਂ ਮਾ'ਬਾਰ ਦੀ ਜਿੱਤ ਤੇ ੭੧੧ ਵਿਚ ਜੇਤੂ ਫ਼ੌਜਾਂ ਦੀ ਦਿੱਲੀ ਵਲ ਵਾਪਸੀ[1]।

ਕਿਤਾਬ ਅਤਿ ਤਰਾਸ਼ਵੇਂ-ਢੰਗ ਦੀ ਸ਼ੈਲੀ ਵਿਚ ਲਿਖੀ ਹੋਈ ਹੈ।

ਉਹਦੀ ਤੀਜੀ ਤੇ ਅੰਤਲੀ ਵਾਰਤਕ ਰਚਨਾ 'ਅਫ਼ਜ਼ਲ-ਉੱਲ-ਫ਼ਵਾਇਦ' ਉਹਦੇ ਮਿੱਤਰ ਅਮੀਰ ਹਸਨ ਸਿਜਜ਼ੀ ਦੀ ਰਚਨਾ 'ਫ਼ਵਾਇਦ-ਉੱਲ-ਫ਼ਵਾਇਦ' ਦੇ ਆਧਾਰ 'ਤੇ ਲਿਖੀ ਗਈ ਹੈ। ਇਸ ਪੁਸਤਕ ਵਿਚ ਅਮੀਰ ਖ਼ੁਸਰੋ ਨੇ ਹਜ਼ਰਤ ਨਿਜ਼ਾਮਉੱਦੀਨ ਔਲੀਆ ਦੇ ਕਥਨ ਤੇ ਸਿਖਿਆਵਾਂ ਇਕੱਤਰ ਕੀਤੀਆਂ ਹਨ। ਪੁਸਤਕ ਦੀ ਸ਼ੈਲੀ ਬਹੁਤ ਸਾਦੀ ਤੇ ਤਰੱਦਦ ਰਹਿਤ ਹੈ, ਪਰ ਤਦ ਵੀ ਇਹ ਇਕ ਅਦੁੱਤੀ ਰਚਨਾ ਹੈ। ਖ਼ੁਸਰੋ ਨੇ ਇਹਦੇ ਕੁਝ ਬਾਬ ਫ਼ਕੀਰ ਜੀ ਨੂੰ ਭੇਟ ਕੀਤੇ ਸਨ। ਉਹਨਾਂ ਨੇ ਇਹਨਾਂ ਦੀ ਬੜੀ ਤਾਰੀਫ਼ ਕੀਤੀ ਤੇ ਇਹਨੂੰ ਆਪਣਾ ਕੰਮ ਜਾਰੀ ਰਖਣ ਲਈ ਕਿਹਾ।

ਇੰਜ ਅਸੀਂ ਵੇਖਦੇ ਹਾਂ ਕਿ ਅਮੀਰ ਖ਼ੁਸਰੋ ਵਾਰਤਕ-ਲੇਖਣ ਵਿਚ ਵੀ ਆਪਣੇ ਸਮਕਾਲੀਆਂ ਤੋਂ ਪਿਛਾਂਹ ਨਹੀਂ ਰਿਹਾ।

ਇਹ ਜਾਣਿਆ-ਪਛਾਣਿਆਂ ਤੱਤ ਹੈ ਕਿ ਖ਼ੁਦਾ ਨੇ ਅਮੀਰ ਖ਼ੁਸਰੋ ਨੂੰ ਅਤਿ-ਰਸੀਲੀ ਆਵਾਜ਼ ਬਖ਼ਸ਼ੀ ਸੀ। ਉਹਦੇ ਉਸਤਾਦ ਖ਼ਵਾਜਾ ਸਾਦਉੱਦੀਨ ਖ਼ੱਤਾਰ ਨੇ ਖ਼ਵਾਜਾ ਇੱਜ਼ਉੱਦੀਨ ਨਾਲ ਉਹਦੀ ਜਾਣ-ਪਛਾਣ ਇਹ ਕਹਿ ਕੇ ਕਰਵਾਈ ਸੀ ਕਿ ਉਹ ਇਕ ਬਹੁਤ ਚੰਗਾ ਕਵੀ ਹੈ। ਫੇਰ ਉਹਨੂੰ ਕਵਿਤਾ ਦੀ ਉਹ ਪੁਸਤਕ ਦਿਤੀ ਜੋ ਉਸ ਸਮੇਂ ਉਹ ਪੜ੍ਹਦਾ ਹੁੰਦਾ ਸੀ ਤੇ ਉਸ ਵਿਚੋਂ ਉਹਨੂੰ ਨਜ਼ਮਾਂ ਸੁਣਾਉਣ ਲਈ ਕਿਹਾ। ਮੁੰਡੇ ਦੀਆਂ ਗੌਵੀਆਂ ਕਵਿਤਾਵਾਂ ਦੀ ਪੁੱਜ ਕੇ ਤਾਰੀਫ਼ ਕੀਤੀ ਗਈ। ਇਸ ਲਈ ਪਰਤੱਖ ਹੈ ਕਿ ਖ਼ੁਸਰੋ ਵਰਗੇ ਬੰਦੇ

1. 'ਅਮੀਰ ਖ਼ੁਸਰੋ ਦਾ ਜੀਵਨ ਤੇ ਰਚਨਾਵਾਂ'।

ਲਈ ਸੰਗੀਤ ਵਿਚ ਮੁਹਾਰਤ ਹਾਸਲ ਕਰਨਾ ਕੋਈ ਔਖਾ ਕੰਮ ਨਹੀਂ ਸੀ। ਉਹਨੇ ਇਹੋ ਕੀਤਾ ਤੇ ਇਸ ਕਲਾ ਵਿਚ ਪੂਰੀ ਮੁਹਾਰਤ ਹਾਸਲ ਕਰ ਲਈ। ਸੱਚਾਈ ਇਹ ਹੈ ਕਿ ਅੱਜ ਦੀ ਕਵਾਲੀ ਦਾ ਵਰਤਮਾਨ ਢੰਗ ਉਸੇ ਦੀ ਹੀ ਦੇਣ ਹੈ। ਸਿਤਾਰ (ਤੀਹ ਤਾਰਾਂ ਵਾਲੀ) ਵਰਗਾ ਸਾਜ਼ ਵੀ ਉਸੇ ਨੇ ਈਜਾਦ ਕੀਤਾ। ਉਸ ਨੇ ਸਿਤਾਰ 'ਤੇ ਏਨੀ ਸੰਪੂਰਨ ਮੁਹਾਰਤ ਹਾਸਲ ਕਰ ਲਈ ਕਿ ਇਕ ਸੰਗੀਤ-ਮੁਕਾਬਲੇ ਵਿਚ ਪ੍ਰਸਿਧ ਸਮਕਾਲੀ-ਸਾਜ਼ਿੰਦੇ ਗੋਪਾਲ ਨੂੰ ਮਾਤ ਪਾ ਦਿਤਾ ਤੇ 'ਨਾਇਕ' ਦਾ ਖ਼ਿਤਾਬ ਜਿੱਤਿਆ ਤੇ ਇਹ ਖ਼ਿਤਾਬ ਸਿਰਫ਼ ਉਸ ਬੰਦੇ ਨੂੰ ਹੀ ਦਿਤਾ ਜਾਂਦਾ ਸੀ ਜੋ ਸੰਗੀਤ ਦਾ ਉਸਤਾਦ ਹੋਵੇ। ਉਹਨੇ ਹਿੰਦੁਸਤਾਨੀ ਤੇ ਫ਼ਾਰਸੀ ਸੰਗੀਤ ਤੇ ਸੁਮੇਲ ਨਾਲ ਹੇਠ ਲਿਖੇ ਰੰਗ ਪੈਦਾ ਕੀਤੇ :

ਮੁਜੀਰ, ਸਾਜ਼ਗਾਰੀ, ਉਸ਼ਸ਼ਾਕ, ਏਮਨ ਮੁਵਾਫ਼ਿਕ, ਘਨਮ ਜ਼ਿਲਾਫ਼, ਫ਼ਰਗਾਨਾ, ਸਰਪਰਦਾ, ਬਾਖ਼ਿਰਾਤ, ਫ਼ਰਦੋਸਤ ਤੇ ਮਾਨਮ।

ਕੌਲ, ਤਰਾਨਾ, ਖ਼ਿਆਲ, ਨਕਸ਼, ਨਿਗਾਰ, ਬਾਸੀਤ, ਤਲਾਨਾ ਤੇ ਸੋਹਿਲਾ ਵੀ ਉਸੇ ਦੀਆਂ ਕਾਢਾਂ ਹਨ।

੬

ਫ਼ਾਰਸੀ ਤੇ ਅਰਬੀ ਤੋਂ ਬਿਨਾਂ ਖ਼ੁਸਰੋ ਨੂੰ ਭਾਰਤ ਦੀਆਂ ਹੋਰ ਬੋਲੀਆਂ ਤੇ ਉਪ-ਭਾਖਾਵਾਂ ਵੀ ਆਉਂਦੀਆਂ ਸਨ। ਉਹਦੀਆਂ ਅਣਗਿਣਤ ਰਚਨਾਵਾਂ ਤੋਂ ਇਹ ਗੱਲ ਪਰਤੱਖ ਹੈ ਕਿ ਖ਼ੁਸਰੋ ਲੋਕਾਂ ਨਾਲੋਂ ਨਿਖੜਿਆ ਹੋਇਆ ਤੇ ਵਿਰਕਤ ਨਹੀਂ ਸੀ। ਉਹ ਆਮ ਲੋਕਾਂ ਦਾ ਵੀ ਓਨਾ ਹੀ ਪਿਆਰਾ ਸੀ ਜਿੰਨਾ ਆਪਣੇ ਬਹੁਤ ਸਾਰੇ ਸਰਪ੍ਰਸਤਾਂ ਦਾ। ਬਾਦਸ਼ਾਹ ਤੇ ਸ਼ਾਹਜ਼ਾਦਿਆਂ ਦੀ ਖੁਲ੍ਹੀ ਡੁਲ੍ਹੀ ਸਰਪ੍ਰਸਤੀ ਦੇ ਬਾਵਜੂਦ ਉਹ ਜਾਣਦਾ ਸੀ ਕਿ ਆਖ਼ਰ ਫ਼ਾਰਸੀ ਤੇ ਅਰਬੀ ਸਿਰਫ਼ ਵਿਦਵਾਨਾਂ, ਉਮਰਾਵਾਂ, ਤੇ ਆਲਮਾ ਦੀਆਂ ਭਾਸ਼ਾਵਾਂ ਈ ਸਨ, ਸਧਾਰਨ ਮਨੁੱਖ ਦੀਆਂ ਨਹੀਂ। ਅਮੀਰ ਖ਼ੁਸਰੋ ਇਸ ਗੱਲ ਬਾਰੇ ਪੂਰੀ ਤਰ੍ਹਾਂ ਸੁਚੇਤ ਸੀ ਕਿ ਅੰਤ ਨੂੰ ਉਹਨੂੰ ਆਪਣੇ ਸੰਬੰਧ ਲੋਕਾਂ ਨਾਲ ਹੀ ਜੋੜਨੇ ਪੈਣੇ ਸਨ ਤੇ ਜੇ ਉਹ ਵਿਚਾਰਾਂ ਦੇ ਵਟਾਂਦਰੇ ਲਈ ਲੋਕਾਂ ਦੀ ਬੋਲੀ ਵਿਚ ਮੁਹਾਰਤ ਹਾਸਲ ਨਾ ਕਰਦਾ ਤਾਂ ਉਹਦੇ ਲਈ ਲੋਕਾਂ ਨਾਲ ਜੁੜ ਸਕਣਾ ਉੱਕਾ ਅਸੰਭਵ ਸੀ। ਸਿਰਫ਼ ਇਹੋ ਨਹੀਂ ਸਗੋਂ ਇਸ ਦੇਸ਼ ਦੇ ਵਸਨੀਕਾਂ ਦੇ ਰਸਮ-ਰਿਵਾਜਾਂ ਤੇ ਰਹੁ-ਰੀਤਾਂ ਦਾ ਚੰਗਾ ਗਿਆਨ ਵੀ ਪ੍ਰਾਪਤ ਕਰਨਾ ਪਿਆ। ਇਸ ਗੱਲ ਦਾ ਪਰਤੱਖ ਸਬੂਤ, ਕਿ ਉਹਨੇ ਇਹ ਸਭ ਕੁਝ ਕੀਤਾ, ਸਾਨੂੰ ਉਹਦੀਆਂ ਹਜ਼ਾਰਾਂ ਪੰਨਿਆਂ ਵਿਚ ਅੰਕਿਤ ਰਚਨਾਵਾਂ 'ਤੇ ਨਜ਼ਰ ਪਾਉਂਦਿਆਂ ਹੀ ਮਿਲ ਜਾਂਦਾ ਹੈ। ਉਹਨੂੰ ਹਿੰਦੀ (ਉਹ ਇਸ ਨੂੰ 'ਹਿੰਦਵੀ' ਕਹਿੰਦਾ ਹੈ) ਬਹੁਤ ਹੀ ਚੰਗੀ ਤਰ੍ਹਾਂ ਆਉਂਦੀ ਸੀ ਤੇ ਇਸ ਦਾ ਉਹਨੂੰ ਮਾਣ ਹੈ :

ਤੁਰਕ-ਏ-ਹਿੰਦੁਸਤਾਨੀਮ, ਮਨ ਦਰ ਹਿੰਦਵੀ ਗੋਇਮ ਜਵਾਬ,
ਸ਼ਕਰ-ਏ-ਮਿਸਰੀ ਨਾ ਦਾਰਮ ਕਾਜ਼ ਅਰਬ ਗੋਇਮ ਸੁਖ਼ਨ।

(ਮੈਂ ਇਕ ਹਿੰਦੁਸਤਾਨੀ ਤੁਰਕ ਹਾਂ, ਮੈਂ ਹਿੰਦਵੀ ਵਿਚ ਜਵਾਬ ਦਿੰਦਾ ਹਾਂ ;
ਅਰਬਾਂ ਵਾਲੀ ਗੱਲ-ਬਾਤ ਲਈ ਮੇਰੇ ਕੋਲ ਮਿਸਰ ਦੀ ਖੰਡ ਨਹੀਂ ਹੈ।)

ਇਕ ਹੋਰ ਮੌਕੇ 'ਤੇ ਉਹ ਕਹਿੰਦਾ ਹੈ :

ਚੂਨ ਮਾ ਤੂਤੀ-ਏ-ਹਿੰਦਾਮ ਅਰ ਰਾਸਤ ਪੁਰਸੀ,
ਜ਼ੇਮਾਂ ਹਿੰਦਵੀ ਪੁਰਸਤਾ ਨਗਜ਼ ਗੋਇਮ ।
(ਜੇ ਤੁਸੀਂ ਮੈਨੂੰ ਸੱਚ ਪੁੱਛਦੇ ਹੋ ਤਾਂ ਮੈਂ ਇਕ ਹਿੰਦੁਸਤਾਨੀ ਤੋਤਾ ਹਾਂ ; ਜੇ ਤੁਸੀਂ ਮੇਰੀ ਮਿੱਠੀ ਬੋਲੀ ਸੁਣਨਾ ਚਾਹੁੰਦੇ ਹੋ ਤਾਂ ਹਿੰਦਵੀ ਵਿਚ ਗੱਲ ਪੁੱਛੋ ।)

ਇਹ ਕਹਿਣਾ ਕਿ ਉਹਨੂੰ ਹਿੰਦੀ ਦਾ ਸਿਰਫ਼ ਓਪਰਾ-ਓਪਰਾ ਗਿਆਨ ਸੀ, ਉਸ ਨਾਲ ਸਿੱਧੀ ਬੇਇਨਸਾਫ਼ੀ ਕਰਨਾ ਹੈ । ਇਸ ਸੰਬੰਧ ਵਿਚ ਉਹਦਾ ਆਪਣਾ ਬਿਆਨ ਜ਼ਾਹਰ ਕਰਦਾ ਹੈ ਕਿ ਉਹ ਇਹ ਭਾਸ਼ਾ ਚੰਗੀ ਤਰ੍ਹਾਂ ਸਰਲਤਾ ਨਾਲ ਪੜ੍ਹ, ਲਿਖ ਤੇ ਬੋਲ ਸਕਦਾ ਸੀ । ਅਫ਼ਸੋਸ ਦੀ ਗੱਲ ਇਹ ਹੈ ਕਿ ਉਹਦੀ ਹਿੰਦੀ ਕਵਿਤਾ ਸੰਭਾਲੀ ਨਹੀਂ ਜਾ ਸਕੀ । ਉਹਨੇ ਆਪ ਵੀ ਇਸ ਨੂੰ ਸੰਭਾਲਣ ਵਲ ਬਹੁਤ ਹੀ ਘਟ ਧਿਆਨ ਦਿੱਤਾ ਜਾਪਦਾ ਹੈ ਸਾਡੇ ਕੋਲ ਸਿਰਫ਼ ਕੁਝ ਕੁ ਦੋਹੇ, ਕੁਝ ਬੁਝਾਰਤਾਂ ਤੇ ਲੰਮੀਆਂ ਕਥਾ ਕਹਾਣੀਆਂ ਤੇ ਅੜਾਉਣੀਆਂ ਆਦਿ ਹੀ ਪੁਜ ਸਕੀਆਂ ਹਨ । ਉਹ ਆਪਣੀਆਂ ਰਚਨਾਵਾਂ ਵਿਚ ਕਿੰਨੇ ਹਿੰਦੀ ਦੇ ਸ਼ਬਦ ਵਰਤਦਾ ਹੈ :

ਸਰੇ ਆਨ ਦੋ ਚਸ਼ਮ ਗਰਦਮ ਕੀ ਚੁ ਹਿੰਦੁਵਾਂ-ਏ-ਰਾਹਜ਼ਨ,
ਹਮਾ ਰਾ ਜ਼ੇ ਨੋਕ-ਏ-ਮਿਸ਼ਗਾਨ ਬਾਜੀਗਰ ਜ਼ੇਦਾ 'ਕਟਾਰਾ' ।

'ਕਟਾਰਾ' ਨਿਰੋਲ ਹਿੰਦੀ ਸ਼ਬਦ ਹੈ ਜਿਸ ਦਾ ਅਰਥ ਛੁਰਾ ਹੈ । ਆਪਣੀ ਇਤਿਹਾਸਕ ਰਚਨਾ 'ਖਜ਼ਾਇਨ-ਏ-ਉੱਲ-ਫ਼ਤਹ' ਵਿਚ ਪੂਰੀ ਯੋਗਤਾ ਨਾਲ ਹੇਠ ਲਿਖੇ ਹਿੰਦੀ ਸ਼ਬਦਾਂ ਦੀ ਵਰਤੋਂ ਕਰਦਾ ਹੈ :

ਪੱਤਰਾ, ਕਾਠਘਰ, ਟਿੱਕਾ, ਚੰਦਨ, ਬਸਿਥ, ਬਸਿਥ, ਅੱਛੋ, ਤਲਵਾਰਾ, ਮਵਾਸਾਤ ਆਦਿ ।

ਇਹ ਕੁਝ ਹੋਰ ਸ਼ਿਅਰ ਹਨ ਜਿਨ੍ਹਾਂ ਵਿਚ ਉਸ ਨੇ ਹਿੰਦੀ ਦੇ ਸ਼ਬਦਾਂ ਦੇ ਭਾਵਾਂ ਦੀ ਵਰਤੋਂ ਕੀਤੀ ਹੈ ।

ਸ਼ੋਖ਼ੀ-ਏ-ਹਿੰਦੂ ਬਾਬੀਂ ਕੋ ਦੀਨ ਬਾਬੁਰਦ ਅਜ਼ ਖ਼ਾਸੋ-ਆਮ,
ਰਾਮ-ਏ-ਮਨ ਹਰਗਿਜ਼ ਨਾ ਸ਼ੁਦ ਹਰਚੰਦ ਗੁਫ਼ਤਮ ਰਾਮ ਰਾਮ[1] ।

---

1. ਹਿੰਦੂ ਭਗਵਾਨ ਦਾ ਨਾਂ ।

ਚੁਨ ਬਖ਼ਸ਼ਾਬੰਦ ਤੀਰ-ਏ-ਬੇਖ਼ਤਾ ਰਾ
ਬਾਜ਼ਾਰੀ ਗੁਫ਼ਤ 'ਹਾਇ ਹਾਇ ਤੀਰ ਮਾਰਾ'

ਪਨਬਾਦਹਾਨਾ ! 'ਚ ਖ਼ੂਬ ਰੂਈ
ਵਈ ਚਾਹ ਜ਼ੁਕਾਨਾ ਕੋਦਾਮ ਕੋਈ
ਅਜ਼ ਹਰ ਤਰਫ਼ ਤੋਰਾ ਬੇ ਜੁਸਤਾਮ,
ਸਾਜ਼ਾਂ ਪਲਕਾ[1] ! ਕੋਦਮ ਸੂਈ ?

ਦਾਰੇਮ ਆਰਜ਼ੂ-ਕੀ ਹਿਕਾਇਤ ਕੁਨਿਮ ਬਾਤ,
ਲਾਲਾ ਗੁਲਾਮ-ਰੁ-ਏ-ਤੋ ਸਦ ਬਰਗ ਜ਼ੇਰ-ਏ-ਪਾਤ
ਚੁਨ ਬਰਾਹਮਨ ਬਾਦੀਦ ਰੁਖ਼ੀ-ਏ-ਖ਼ੁਬਾਤ ਅਈ ਸਨਮ
ਜ਼ੁੱਨਾਰ ਰਾ ਗੁਜ਼ਿਸ਼ਤ-ਓ-ਲਾਕਦ ਜ਼ਦ ਬਾਰੁ-ਏ-ਲਾਤ ।[2]

ਖ਼ੁਸਰੋ ਦੇ ਕਹੇ ਜਾਂਦੇ ਹਿੰਦੀ ਦੋਹੇ, ਇਹ ਤਿੰਨ ਹਨ :

ਗੋਰੀ ਸੋਵੇ ਸੇਜ ਪਰ, ਡਾਰੇ ਮੁਖ ਪਰ ਕੇਸ,
ਚਲ ਖ਼ੁਸਰੋ ਘਰ ਆਪਣੇ, ਰੈਨ ਭਈ ਸਭ ਦੇਸ ।

ਖ਼ੁਸਰੋ ਰੈਨ ਸੁਹਾਗ ਕੀ ਜਾਗੀ ਪੀ ਕੇ ਸੰਗ ।
ਤਨ ਮੇਰੋ, ਮਨ ਪੀਆ ਕੇ, ਦੂਯੋ ਭਏ ਇਕ ਰੰਗ ।

ਚਕਵਾ ਚਕਵੀ ਦੋ ਜਣੇ ਇਨ ਮਤ ਮਾਰੇ ਕੋਏ,
ਇਹ ਮਾਰੇ ਕਰਤਾਰ ਕੇ ਰੈਨ ਬਿਛੋਹਾ ਹੋਏ ।[3]

ਇਸ ਗੱਲ ਉਤੇ ਭਰੋਸਾ ਕਰਨ ਦਾ ਹਰ ਸੰਭਵ ਕਾਰਨ ਹੈ ਕਿ ਖ਼ੁਸਰੋ ਨੇ ਬਰਜ਼ਰੂਰ ਹਿੰਦੀ ਵਿਚ ਬਹੁਤ ਸਾਰੇ ਦੋਹੇ ਲਿਖੇ ਹੋਣਗੇ ਤੇ ਇਸ ਗੱਲ ਦੀ ਸੰਭਾਵਨਾ ਨੂੰ ਅਸੀਂ ਰੱਦ ਨਹੀਂ ਕਰ ਸਕਦੇ । ਇਹ ਗੱਲ ਸੱਚ ਮੁੱਚ ਅਫ਼ਸੋਸ

1. ਉਹ ਸੂਈਆਂ ਵਰਗੀਆਂ ਪਲਕਾਂ ਵਾਲੀਏ । 'ਪਲਕ' ਨਿਰੋਲ ਹਿੰਦੀ ਸ਼ਬਦ ਹੈ, ਪਰ ਖ਼ੁਸਰੋ ਨੇ ਏਥੇ ਇਹ ਫ਼ਾਰਸੀ ਮੁਹਾਵਰੇ ਵਿਚ ਵਰਤਿਆ ਹੈ ।

2. ਇਕ ਬੁੱਤ ਦਾ ਨਾਂ ।

3. ਚਕਵਾ ਤੇ ਚਕਵੀ ਸਾਰੀ ਰਾਤ ਇਕ ਦੂਜੇ ਤੋਂ ਵਿਛੜੇ ਰਹਿੰਦੇ ਹਨ ।

ਵਾਲੀ ਹੈ ਕਿ ਉਹਦੀ ਕਵਿਤਾ ਸੰਭਾਲੀ ਨਹੀਂ ਜਾ ਸਕੀ।

ਪਰ ਹਿੰਦੀ ਵਿਚ ਸਾਡੇ ਕੋਲ ਉਹਦੀਆਂ ਬਹੁਤ ਸਾਰੀਆਂ ਬੁੱਝੀਆਂ ਅਤੇ ਅਣ-ਬੁੱਝੀਆਂ ਬੁਝਾਰਤਾਂ ਹਨ, ਜਿਹੜੀਆਂ ਪਾਠਕ, ਅੰਤ ਉਤੇ ਦਿਤੀਆਂ ਚੋਣਵੀਆਂ ਰਚਨਾਵਾਂ ਵਿਚ ਪੜ੍ਹਨਗੇ। ਉਹਦੀ ਰਲਵੀਂ ਫ਼ਾਰਸੀ-ਹਿੰਦੀ ਵਿਚ ਲਿਖੀ ਕਵਿਤਾ, ਭਾਰਤੀ ਸਾਹਿੱਤ-ਮੰਡਲ ਵਿਚ ਬਹੁਤ ਹੀ ਮੌਲਿਕ, ਨਵੀਨ ਤੇ ਅਦੁੱਤੀ ਤਜਰਬਾ ਹੈ। ਅਜਿਹੀ ਇਕ ਚੌਪਈ ਵਿਚ ਓਹ ਦਹੀਂ ਵੇਚਦੀ ਫਿਰਦੀ ਗੁਜਰੀ ਦਾ ਬਿਆਨ ਕਰਦਾ ਹੈ :

ਗੁਜਰੀ ਤੂ ਕੇ ਦਰ ਹੁਸਨ-ਓ-ਲਤਾਫ਼ਤ ਚੁਨ ਮਾਹੀ !
ਇਨ ਦੇਗ-ਏ-ਦਹੀ ਦਰ ਸਰ-ਏ-ਤੂੰ ਚਤਰ ਏ-ਸ਼ਾਹੀ ;
ਅਜ਼ ਹਰ ਦੋ ਲਬਾਤ ਸ਼ਹਦ-ਓ-ਸ਼ਕਰ ਮੀ ਰੇਜ਼ਾਦ।
ਹਰ ਗਾਹ ਕੀ ਮੀ ਗੋਈ ਦਹੀ ਲੀਹੋ ਦਹੀ।[1]

ਅਮੀਰ ਖ਼ੁਸਰੋ ਦਾ ਇਹ ਰਲਵੀਂ ਫ਼ਾਰਸੀ-ਹਿੰਦੀ ਲਿਖਣ ਦਾ ਤਜਰਬਾ ਅਸਲ ਵਿਚ ਭਾਵੇਂ ਸਿਰਫ਼ ਸਾਹਿੱਤਕ ਤੌਰ 'ਤੇ ਨਵੀਨਤਾ ਤੇ ਮਨ-ਪਰਚਾਵਾ ਕਰਨ ਲਈ ਹੀ ਕੀਤਾ ਗਿਆ ਹੋਵੇ, ਪਰ ਹੁਣ ਇਹ ਇਕ ਨਵੀਂ ਭਾਸ਼ਾ ਦੀ ਉਤਪਤੀ ਦਾ ਮੁੱਢ ਜਾਪਦਾ ਹੈ, ਜਿਸ ਨੂੰ ਅਬੁੱਲ ਫ਼ਜ਼ਲ ਨੇ 'ਦਿਹਲਵੀ' ਦਾ ਨਾਂ ਦਿਤਾ ; ਉਦੋਂ ਲੋਕ ਇਹਨੂੰ 'ਰੇਖ਼ਤਾ' ਕਰ ਕੇ ਜਾਣਦੇ ਸਨ। ਸਿੱਟੇ ਵਜੋਂ ਇਹਨੂੰ 'ਉਰਦੂ' ਕਹਿਣ ਲੱਗ ਪਏ ਤੇ ਫੇਰ ਇਕ ਸਮਾਂ ਆਇਆ, ਜਦੋਂ ਇਹੋ ਬੋਲੀ ਦਿੱਲੀ ਦੇ ਤਖ਼ਤ ਦੀ ਸਰਕਾਰੀ ਭਾਸ਼ਾ ਮੰਨੀ ਗਈ। ਇਹ ਠੀਕ ਹੈ ਕਿ ਮੁਸਲਮਾਨਾਂ ਦੇ ਹਿੰਦੁਸਤਾਨ ਵਿਚ ਆਉਣ ਤੋਂ ਲੈ ਕੇ, ਸਭਿਆਚਾਰਕ ਆਦਾਨ-ਪਰਦਾਨ ਦੇ ਨਾਲ ਨਾਲ, ਭਾਸ਼ਾਈ ਪੱਧਰ 'ਤੇ ਵੀ ਇਹ ਆਦਾਨ-ਪਰਦਾਨ ਹੁੰਦਾ ਰਿਹਾ ਸੀ। ਅਰਬੀ ਤੇ ਫ਼ਾਰਸੀ ਭਾਸ਼ਾਵਾਂ ਦੇ ਸ਼ਬਦ ਅਪਣਾਏ

---

1. ਓ ਗੁਜਰੀਏ! ਤੂੰ ਆਪਣੇ ਹੁਸਨ ਤੇ ਛੱਬ ਸਦਕਾ ਚੰਨ ਵਰਗੀ ਲੱਗਦੀ ਏਂ ; ਇਹ ਦਹੀਂ ਦੀ ਮਟਕੀ, ਜੋ ਤੇਰੇ ਸਿਰ ਉਤੇ ਰਖੀ ਹੋਈ ਹੈ, ਬਿਲਕੁਲ ਸ਼ਾਹੀ ਛਤਰੀ ਵਰਗੀ ਲੱਗਦੀ ਏ। ਜਦੋਂ ਤੂੰ 'ਦਹੀਂ ਲਓ, ਦਹੀਂ ਲਓ,' ਦਾ ਹੋਕਾ ਦਿੰਦੀ ਹੈਂ ਤਾਂ ਤੇਰੇ ਦੋ ਹੋਠਾਂ ਵਿਚੋਂ ਸ਼ਹਿਦ ਤੇ ਖੰਡ ਕਿਰਦੀ ਜਾਪਦੀ ਹੈ।

ਅੱਜ ਤਕ ਵੀ ਉੱਤਰੀ ਭਾਰਤ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਇਹ ਗੁਜਰੀਆਂ ਹੋਕਾ ਦੇ ਦੇ ਕੇ ਦਹੀਂ ਵੇਚਦੀਆਂ ਹਨ।

ਜਾਂਦੇ ਸਨ, ਤੇ ਦੂਜੇ ਪਾਸੇ, ਬਾਹਰੋਂ ਆਉਣ ਵਾਲਿਆਂ ਦੀਆਂ ਭਾਸ਼ਾਵਾਂ ਵਿਚ ਏਥੋਂ ਦੀਆਂ ਦੂਜੀਆਂ ਬੋਲੀਆਂ ਦੇ ਸ਼ਬਦ ਘੁਲਦੇ-ਮਿਲਦੇ ਰਹਿੰਦੇ ਸਨ। ਖ਼ੁਸਰੋ ਤੋਂ ਪਹਿਲਾਂ ਵੀ ਭਾਸ਼ਾ ਦੇ ਪੱਖੋਂ ਇਹ ਰਲਾ-ਮਿਲਾ ਸਾਨੂੰ ਮਿਲਦਾ ਹੈ। ਮਿਨ ਚੇਰੀ ਕਹਿੰਦਾ ਹੈ :

ਅੱਲਾ ਤਾ ਮੋਮਿਨਾਂ ਦਾਰੰਦ ਰੋਜ਼ਾ
ਅੱਲਾ ਤਾ ਹਿੰਦੂਆਂ ਮੀਰਾਂਦ ਲੰਗਾਨ (ਵਰਤ)

ਇਹ ਸਭਿਆਚਾਰਕ ਵਿਕਾਸ਼-ਕਰਮ ਦਾ ਅਚੇਤ ਅਮਲ ਸੀ ਤੇ ਇਹਨੂੰ ਕੋਈ ਵੀ ਹੋਰ ਤਾਕਤ ਰੋਕ ਨਹੀਂ ਸੀ ਪਾ ਸਕਦੀ। ਅਮੀਰ ਖ਼ੁਸਰੋ ਆਇਆ ਤਾਂ ਉਹਨੇ ਇਸ ਪੱਖੋਂ ਸੁਚੇਤ ਵਾਧਾ ਕੀਤਾ ਤੇ ਇਕ ਨਵੀਂ ਭਾਸ਼ਾ ਦਾ ਕਾਢੂ ਤੇ ਬਾਨੀ ਬਣਿਆਂ, ਜਿਹੜੀ ਨੇ ਕਈ ਪੱਖਾਂ ਤੋਂ ਸਾਡੇ ਰਲਵੇਂ-ਮਿਲਵੇਂ ਸਭਿਆਚਾਰ ਨੂੰ ਅਮੀਰ ਕੀਤਾ ਤੇ ਉਹਨਾਂ ਤਾਕਤਾਂ ਨੂੰ ਬਲ ਬਖ਼ਸ਼ਿਆ, ਜਿਹੜੀਆਂ ਇਕ ਨਵੀਂ ਸਮਾਜੀ ਬਣਤਰ ਦੀ ਰੂਪ-ਰੇਖਾ ਘੜਦੀਆਂ ਹਨ। ਅਮੀਰ ਖ਼ੁਸਰੋ ਦੋ ਮਹਾਨ ਸਭਿਆਚਾਰਾਂ ਵਿਚਕਾਰ ਪੁਲ ਹੈ ; ਇਸ ਪੁਲ ਨੂੰ ਠੋਕਰ ਮਾਰ ਦੇਈਏ, ਤਾਂ ਸਾਰਾ ਵਿਰਸਾ ਹੀ ਭੰਗ ਹੋ ਜਾਂਦਾ ਹੈ। ਇੰਜ ਕਰਨ ਨਾਲ, ਹਰ ਭਾਰਤੀ ਸ਼ੈ ਨਾਲ ਉਹਦੀ ਡੂੰਘੀ ਦਿਲਚਸਪੀ ਤੇ ਲਗਾਅ ਨੂੰ ਸੱਟ ਵਜਦੀ ਹੈ। ਉਹਦੀ ਇਹ ਦਿਲਚਸਪੀ ਤੇ ਲਗਾਅ, ਭਾਰਤੀ ਸਭਿਆਚਾਰ, ਭਾਰਤੀ ਧਰਤੀ, ਭਾਰਤੀ ਭਾਸ਼ਾਵਾਂ, ਭਾਰਤੀ ਆਲੇ-ਦੁਆਲੇ, ਭਾਰਤੀ ਧਰਮਾਂ, ਤੇ ਭਾਰਤੀ ਵਾਤਾਵਰਨ ਨਾਲ ਸੀ। ਉਹਨੂੰ ਇਸ ਗੱਲ ਦਾ ਮਾਣ ਸੀ ਕਿ ਉਹ ਭਾਰਤ ਵਿਚ ਪੈਦਾ ਹੋਇਆ ਹੈ। ਉਹ ਦੁਨੀਆਂ ਦੇ ਸਾਰੇ ਦੇਸਾਂ ਨਾਲੋਂ ਭਾਰਤ ਨੂੰ ਤਰਜੀਹ ਦਿੰਦਾ ਹੈ। ਉਹਦੇ ਲਈ ਭਾਰਤ ਅਦਨ ਦਾ ਬਹਿਸ਼ਤ ਹੈ। ਉਹ ਹਿੰਦੁਸਤਾਨ ਨੂੰ ਪਿਆਰ ਕਰਦਾ ਹੈ ਕਿਉਂਕਿ ਬੰਦੇ ਲਈ ਆਪਣੇ ਦੇਸ ਨਾਲ ਪਿਆਰ ਕਰਨਾ ਹੀ 'ਈਮਾਨ' ਹੈ। ਉਹਦਾ ਭਰੋਸਾ ਹੈ ਕਿ ਹਿੰਦੁਸਤਾਨ, ਖ਼ੁਰਾਸਾਨ, ਕੰਧਾਰ ਤੇ ਰੋਮ ਨਾਲੋਂ ਚੰਗੇਰਾ ਹੈ। ਇਸ ਦੇਸ ਦੇ ਬਾਗ਼ ਸਦਾ-ਬਹਾਰ ਹਨ ਤੇ ਸਾਰਾ ਸਾਲ ਫੁੱਲਾਂ ਤੇ ਮਹਿਕ ਨਾਲ ਭਰਪੂਰ ਰਹਿੰਦੇ ਹਨ। ਪਾਨ ਏਥੋਂ ਦਾ ਗਿਣਵਾਂ-ਚੁਣਵਾਂ ਫਲ ਹੈ, ਜੋ ਦੁਨੀਆਂ ਵਿਚ ਹੋਰ ਕਿਧਰੇ ਨਹੀਂ ਮਿਲਦਾ। ਫੁੱਲਾਂ ਦੇ ਨਾਂ ਹਿੰਦੀ ਵਿਚ ਹਨ, ਪਰ ਉਂਜ ਏਥੋਂ ਦਾ ਹਰ ਫਲ, ਆਪਣੇ-ਆਪ ਵਿਚ, ਬਾਗ਼ੇ-ਬਹਿਸ਼ਤ ਹੈ।

ਉਹ ਦਿਉਗਿਰ ਦ ਸੂਤੀ ਕਪੜੇ ਦਾ ਬੜਾ ਸ਼ੌਕੀਨ ਹੈ ; ਪਰੀਆਂ ਵਰਗੀਆਂ ਗੋਰੀਆਂ ਇਹ ਕਪੜੇ ਪਾਈ ਫਿਰਦੀਆਂ, ਅਤੀ ਸੁੰਦਰ ਲੱਗਦੀਆਂ ਹਨ । ਉਹ ਹਿੰਦੁਸਤਾਨੀ ਤੋਤੇ ਦੀਆਂ ਸਿਫ਼ਤਾਂ ਕਰਦਾ ਹੈ, ਜੋ ਪਵਿੱਤਰ ਕੁਰਾਨ ਵਿਚੋਂ ਆਇਤਾਂ ਪੜ੍ਹਦਾ ਹੈ, ਤੇ ਬੰਦੇ ਵਾਂਗ ਹੀ ਗੱਲ ਬਾਤ ਕਰਦਾ ਤੇ ਬੋਲਦਾ ਹੈ । ਉਸ ਲਈ ਹਿੰਦੁਸਤਾਨ ਬਹਿਸ਼ਤ ਹੈ, ਕਿਉਂਕਿ ਇਸ ਵਿਚ ਖ਼ੁਦਾਈ ਪਰਿੰਦਾ, ਮੋਰ ਰਹਿੰਦਾ ਹੈ । ਹਰ ਬੰਦਾ ਜਾਣਦਾ ਹੈ ਕਿ ਇਹ, ਜਾਂ ਇਹਦੇ ਵਰਗਾ ਪੰਛੀ ਹੋਰ ਕਿਧਰੇ ਵੀ ਨਹੀਂ ਲੱਭਦਾ ।

ਅਮੀਰ ਖ਼ੁਸਰੋ ਦਾ ਮਨ ਦਿੱਲੀ ਨੇ ਮੱਲਿਆ ਹੋਇਆ ਸੀ ; ਉਹ ਭਾਵੇਂ ਕਿਤੇ ਵੀ ਰਿਹਾ, ਪਰ ਏਸ ਸੁਹਣੀ ਨਗਰੀ ਨੂੰ ਨਹੀਂ ਭੁਲਾ ਸਕਿਆ । ਉਹਦਾ ਖ਼ਿਆਲ ਹੈ ਕਿ ਦਿੱਲੀ ਇਨਸਾਫ਼ ਤੇ ਸੱਚ ਦਾ ਖ਼ਜ਼ਾਨਾ ਹੈ । ਇਹਦੀਆਂ ਖ਼ੂਬੀਆਂ ਤੇ ਚੰਗੇ ਗੁਣ ਬਾਗ਼ੇ-ਬਹਿਸ਼ਤ ਵਰਗੇ ਹਨ । ਉਹ ਉਹਨਾਂ ਇਮਾਰਤਾਂ ਦਾ ਪ੍ਰਸੰਸਕ ਹੈ, ਜਿਨ੍ਹਾਂ ਨੇ ਏਸ ਸ਼ਹਿਰ ਨੂੰ ਸ਼ਿੰਗਾਰਿਆ ਹੋਇਆ ਹੈ । ਦਿੱਲੀ ਦੀ ਜਾਮਾ ਮਸਜਿਦ ਕਾਅਬੇ ਵਰਗੀ ਹੈ ; ਕੁੱਤਬ ਮੀਨਾਰ ਉਹ ਪੌੜੀ ਹੈ, ਜਿਸ ਰਾਹੀਂ ਬੰਦਾ ਅਸਮਾਨਾਂ 'ਤੇ ਚੜ੍ਹ ਸਕਦਾ ਹੈ । ਹੌਜ਼ ਖ਼ਾਸ ਦਾ ਪਾਣੀ ਸਵਰਗੀ ਰੌਸ਼ਨੀ ਦੀ ਨਦੀ ਹੈ, ਜਿਸ ਵਿਚੋਂ ਆਸਮਾਨ ਦਾ ਝਲਕਾਰਾ ਪੈਂਦਾ ਹੈ। ਦਿੱਲੀ ਬਾਦਸ਼ਾਹਾਂ ਤੇ ਸ਼ਹਿਨਸ਼ਾਹਾਂ ਦੀ ਉਹ ਮਹਾਨ ਰਾਜਧਾਨੀ ਹੈ, ਜਿਥੇ ਸਲਤਨਤ ਦੇ ਥੰਮ੍ਹ ਵੱਸਦੇ ਹਨ । ਏਸ ਨਗਰੀ ਦੇ ਨਾਗਰਿਕਾਂ ਦਾ ਸੁਭਾਅ ਤੇ ਚਰਿਤਰ ਦੈਵੀ ਹੈ ਤੇ ਉਹਨਾਂ ਨਾਲ ਸਾਹਿੱਤ ਤੇ ਸ਼ਾਇਰੀ, ਸੰਗੀਤ ਤੇ ਨ੍ਰਿਤ ਤੇ ਹੋਰ ਸਰਗਰਮੀਆਂ ਵਿਚ, ਕੋਈ ਵੀ ਮੁਕਾਬਲਾ ਨਹੀਂ ਕਰ ਸਕਦਾ ।

ਸੰਖੇਪ ਵਿਚ ਇਹ ਕਹੀਏ ਕਿ ਖ਼ੁਸਰੋ ਨੇ ਉਸ ਵੇਲੇ ਦੇ ਹਿੰਦੁਸਤਾਨੀ ਸਭਿਆਚਾਰ ਨੂੰ ਬੜੀ ਬਰੀਕੀ ਨਾਲ ਜਾਚਿਆ-ਸਮਝਿਆ ਸੀ ਤੇ ਹਰ ਪੱਖੋਂ ਇਹਦਾ ਡੂੰਘਾ ਅਧਿਅਨ ਕੀਤਾ ਸੀ, ਤੇ ਭਾਰਤੀ ਜੀਵਨ ਤੇ ਸਭਿਆਚਾਰ ਜੋ ਕੁਝ ਵੀ ਉਸ ਨੂੰ ਦੇ ਸਕਦਾ ਸੀ, ਉਹ ਪ੍ਰਾਪਤ ਕਰ ਕੇ ਉਸ ਨੇ ਇਹਦਾ ਪੂਰਾ ਲਾਭ ਉਠਾਇਆ । ਏਸ ਦੇਸ ਦੀ ਹਰ ਸ਼ੈਅ ਵਲ ਉਹ ਡੂੰਘਾ ਧਿਆਨ ਦਿੰਦਾ ਤੇ ਪਿਆਰ ਕਰਦਾ ਸੀ । ਇਹ ਗੱਲ ਉਸ ਦੇ ਆਪਣੇ ਬਿਆਨ ਤੋਂ ਹੀ ਸਿੱਧ ਹੁੰਦੀ ਹੈ ਕਿ ਉਹਨੂੰ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਆਉਂਦੀਆਂ ਸਨ । ਉਹ ਦਾਅਵਾ ਕਰਦਾ ਹੈ ਕਿ ਉਹਨੂੰ ਹਿੰਦੁਸਤਾਨੀ ਲੋਕਾਂ ਵਲੋਂ ਬੋਲੀਆਂ ਜਾਣ

ਵਾਲੀਆਂ ਬਹੁਤੀਆਂ ਭਾਸ਼ਾਵਾਂ ਆਉਂਦੀਆਂ ਹਨ। ਉਹ ਇਹ ਵੀ ਕਹਿੰਦਾ ਹੈ ਕਿ ਇਹਨਾਂ ਵਿਚੋਂ ਕੁਝ ਉਹਨੂੰ ਮਾੜੀਆਂ-ਮੋਟੀਆਂ ਆਉਂਦੀਆਂ ਹਨ ; ਕੁਝ ਚੰਗੀ ਤਰ੍ਹਾਂ ਆਉਂਦੀਆਂ ਹਨ ; ਤੇ ਬਾਕੀ ਦੀਆਂ ਉਹ ਆਪਣੇ ਕਾਵਿਕ ਭਾਵਾਂ ਨੂੰ ਵਿਅਕਤ ਕਰਨ ਲਈ ਵਰਤਦਾ ਹੈ ਤੇ ਇਹਨਾਂ ਰਾਹੀਂ ਉਹਨੇ ਚਾਨਣ, ਸਿਖਿਆ ਤੇ ਗਿਆਨ ਤੇ ਦਾਨਸ਼ਮੰਦੀ ਗ੍ਰਹਿਣ ਕੀਤੀ ਹੈ। ਉਹ ਅਣਗਿਣਤ ਬੋਲੀਆਂ ਦੇ ਨਾਂ ਗਿਣਦਿਆਂ, ਇਹ ਵੀ ਕਹਿੰਦਾ ਹੈ ਕਿ ਇਕ ਹੋਰ ਭਾਸ਼ਾ ਵੀ ਹੈ, ਜਿਸ ਨੂੰ ਸੰਸਕ੍ਰਿਤ ਕਿਹਾ ਜਾਂਦਾ ਹੈ ਤੇ ਜਿਸ ਵਿਚ ਗਿਆਨ ਤੇ ਸਿਖਿਆ ਦਾ ਭੰਡਾਰ ਹੈ। ਖ਼ੁਸਰੋ ਦੀ ਰਾਏ ਹੈ ਕਿ ਇਹ ਭਾਸ਼ਾ ਫ਼ਾਰਸੀ ਨਾਲੋਂ ਉਚੇਰੀ ਹੈ ਤੇ ਵਿਆਕਰਣ, ਸਾਹਿੱਤ ਤੇ ਹੋਰ ਗਿਆਨ-ਵਿਗਿਆਨਾਂ ਦੇ ਸੰਬੰਧ ਵਿਚ ਅਰਬੀ ਦੇ ਪੱਧਰ ਦੀ ਹੈ। 'ਕਾਲਿਲਾ ਦਮਨ' ਜਿਸ ਵਿਚ ਨਿਰੀ ਵਿਦਵਤਾ ਹੀ ਭਰੀ ਪਈ ਹੈ, ਏਥੇ ਹੀ ਲਿਖੀ ਗਈ ਸੀ। ਭਾਰਤ ਦਾ ਸੰਗੀਤ ਬਾਰਾਂ ਸਿੰਗਿਆਂ ਉਤੇ ਨਸ਼ੇ ਵਾਂਗ ਅਸਰ ਕਰਦਾ ਏ।

ਉਸ ਦੇ ਖ਼ਿਆਲ ਵਿਚ ਹਿੰਦੂ, ਮੁਸਲਮਾਨਾਂ ਜਿੰਨੇ ਧਾਰਮਕ ਨਹੀਂ ਹਨ, ਪਰ ਬਹੁਤ ਸਾਰੀਆਂ ਕਦਰਾਂ-ਕੀਮਤਾਂ ਦੋਹਾਂ ਦੀਆਂ ਹੀ ਸਾਂਝੀਆਂ ਹਨ। ਉਹ ਦੋਵੇਂ ਖ਼ੁਦਾ ਦੀ ਇੱਕਤਾ ਤੇ ਉਹਦੀ ਅਨੰਤਤਾ ਨੂੰ ਮੰਨਦੇ ਹਨ। ਉਹ ਜੀਵਨ ਸਿਰਜ ਸਕਦਾ, ਨਿਤਾਣਿਆਂ ਨੂੰ ਤਾਣ ਦੇ ਸਕਦਾ ਤੇ ਮੋਇਆਂ ਨੂੰ ਸੁਰਜੀਤ ਕਰ ਸਕਦਾ ਹੈ। ਉਹ ਹਰ ਸ਼ੈਅ ਦਾ ਕਰਤਾ ਹੈ ਤੇ ਉਹਦਾ ਬੋਧ ਅਨੰਤ ਤੇ ਸਦੀਵੀ ਹੈ ਤੇ ਉਹ ਸਰਬ-ਸਮੱਥ ਹੈ।[1]

ਇਹ ਉਹਦੇ ਵਿਸ਼ਵਾਸ ਤੇ ਅਕੀਦੇ ਹਨ, ਤੇ ਇਹ ਸਭ ਗੱਲਾਂ ਉਹਦੀ ਆਪਣੀ ਜਨਮ-ਭੂਮੀ ਨਾਲ ਪਿਆਰ ਦੀ ਪੱਕੀ ਸ਼ਾਹਦੀ ਹਨ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਖ਼ੁਸਰੋ ਦਾ ਜੀਵਨ ਇਕਾਂਤ ਵਾਸ ਵਾਲਾ ਨਹੀਂ, ਉਹਨੇ ਭਾਰਤੀ ਸਭਿਆਚਾਰ ਦਾ ਅਧਿਅਨ ਬੜੀ ਬਰੀਕੀ ਨਾਲ ਕੀਤਾ ਤੇ ਜੋ ਕੁਝ ਉਹਦੇ ਵਿਚਾਰ ਅਨੁਸਾਰ ਯੋਗ ਤੇ ਅਮਲੀ ਸੀ ਉਹ ਸਭ ਆਪਣੇ ਚਰਿਤਰ ਵਿਚ ਸਮੋ ਲਿਆ। ਜੇ ਉਹ, ਖ਼ਿਆਲਾਂ ਦੇ ਦੰਦਖੰਡ ਦੇ ਭੋਰੇ ਵਿਚ ਹੀ ਲੁਕਿਆ ਰਹਿੰਦਾ ਤਾਂ ਏਨੀ

---

1. ਡਾ: ਤਾਰਾ ਸ਼ੰਕਰ ਦੀ, 'ਅਮੀਰ ਖ਼ੁਸਰੋ' ਅਕਾਡਮੀ ਨਵੀਂ ਦਿੱਲੀ, ਵਲੋਂ ਪ੍ਰਕਾਸ਼ਤ ਕੀਤੀ ਪੁਸਤਕ "ਖ਼ੁਸਰੋ ਔਰ ਹਿੰਦੋਸਤਾਨ" ਵਿਚੋਂ।

ਪ੍ਰਸਿਧੀ ਤੇ ਹਮਦਰਦੀ ਕਦੇ ਨਹੀਂ ਸੀ ਜਿੱਤ ਸਕਦਾ। ਜੋ ਕੁਝ ਵੀ ਉਹਨੇ ਲਿਖਿਆ ਉਹ ਉਸ ਦੇ ਅਣਮਿਣਵੇਂ ਅਮਲੀ ਤਜਰਬਿਆਂ ਤੇ ਸੁਭਾ ਦੀ ਉਦਾਰਤਾ ਦੀ ਹੀ ਉਪਜ ਸੀ। ਇਹ ਤੱਤ ਉਹਨੇ ਆਪਣੇ ਅੰਦਰ ਰਜ-ਰਜ ਕੇ ਸਮੋਏ ਸਨ। ਜਦੋਂ ਅਸੀਂ ਅਮੀਰ ਖ਼ੁਸਰੋ ਦੀ ਗੱਲ ਕਰਦੇ ਹਾਂ ਤਾਂ ਤਕਰੀਬਨ ਸਾਡਾ ਮਤਲਬ ਉਸ ਸਭਿਆਚਾਰ ਵਿਕਾਸ਼-ਕਰਮ ਦੇ ਗਤੀਸ਼ੀਲ ਅਮਲ ਤੇ ਕਾਰਵਾਈ ਤੋਂ ਹੁੰਦਾ ਹੈ ਜਿਹੜੀ ਦਾ ਉਹ ਆਪੂੰ ਇਕ ਪ੍ਰਤੀਕ ਹੈ ਤੇ ਜਿਸ ਦੀ ਚਾਲ ਉਹਨੇ ਆਪਣੀ ਸਰਬ ਪੱਖੀ ਸ਼ਖ਼ਸੀਅਤ ਦੀ ਸਦਗੁਣੀ ਸਮਰੱਥਾ ਨਾਲ ਤਿੱਖੀ ਕੀਤੀ। ਏਥੋਂ ਤਕ ਕਿ ਛੇ ਸੌ ਸਾਲ ਪਿਛੋਂ ਵੀ ਉਹਦੀ ਯਾਦ ਅੱਜ ਤਕ ਓਵੇਂ ਸੱਜਰੀ ਤੇ ਹਰੀ-ਭਰੀ ਹੈ — ਤੇ ਏਡੇ ਲੰਮੇ ਸਮੇਂ ਦੀ ਵਿਥ, ਇਕ ਵਿਅਕਤੀ ਦੇ ਜੀਵਨ ਵਿਚ ਤਾਂ ਮਹੱਤਵਪੂਰਨ ਹੋਣ ਦਾ ਸਵਾਲ ਵਖਰਾ ਰਿਹਾ, ਇਹ ਸਮਾਂ ਇਕ ਕੌਮ ਦੇ ਜੀਵਨ ਵਿਚ ਵੀ ਮਹੱਤਵਪੂਰਨ ਹੁੰਦਾ ਹੈ; ਉਹ ਵਿਦਵਾਨਾਂ ਵਿਚ ਏਨਾ ਮਸ਼ਹੂਰ, ਆਮ ਲੋਕਾਂ ਵਿਚ ਏਨਾ ਹਰਮਨ ਪਿਆਰਾ ਤੇ ਕਲਾਕਾਰਾਂ ਵਿਚ ਏਨਾ ਜਾਣੂ ਬੰਦਾ ਹੈ ਕਿ ਇੰਜ ਜਾਪਣ ਲਗ ਪੈਂਦਾ ਏ ਜਿਵੇਂ ਉਹ ਅਜ ਵੀ ਸੱਚੀ-ਮੁਚੀ ਹੀ ਜਿਉਂਦਾ ਹੋਵੇ।

◈

ਚੋਣਵੀਆਂ ਰਚਨਾਵਾਂ

ਅੱਗੇ ਦਿਤੀਆਂ ਚੋਣਵੀਆਂ ਰਚਨਾਵਾਂ ਵਿਚ, ਗ਼ਜ਼ਲ ਦੇ ਰੂਪ ਵਿਚ ਲਿਖੀ ਇਕ 'ਹਮਦ' ਤਿੰਨ ਗ਼ਜ਼ਲਾਂ, ਇਕ ਰਲਵੀਂ-ਮਿਲਵੀਂ ਫ਼ਾਰਸੀ-ਹਿੰਦੀ 'ਚ ਲਿਖੀ ਗ਼ਜ਼ਲ, ਇਸੇ ਸ਼ੈਲੀ 'ਚ ਲਿਖਿਆ ਚੁਬਰਗਾ, ਤੇ ਕੁਝ ਬੁਝੀਆਂ ਤੇ ਅਣਬੁੱਝੀਆਂ ਬੁਝਾਰਤਾਂ ਸ਼ਾਮਲ ਹਨ। 'ਹਮਦ' ਤੇ ਤਿੰਨ ਗ਼ਜ਼ਲਾਂ ਅੰਗਰੇਜ਼ੀ ਦੇ ਅਨੁਵਾਦ ਤੋਂ ਅੱਗੇ ਅਨੁਵਾਦ ਹਨ; ਬਾਕੀ ਗੁਰਮੁਖੀ ਲਿਪੀ ਵਿਚ, ਮੌਲਿਕ ਰੂਪ 'ਚ ਈ ਦਿੱਤੀਆਂ ਜਾ ਰਹੀਆਂ ਹਨ। ਇਸ ਚੋਣ ਵਿਚ ਸ਼ਾਮਲ ਰਲਵੀਂ-ਮਿਲਵੀਂ ਫ਼ਾਰਸੀ-ਹਿੰਦੀ ਵਿਚ ਲਿਖੀ ਗ਼ਜ਼ਲ ਤੇ ਚੁਬਰਗਾ ਜੇ ਪੰਜਾਬੀ ਵਿਚ ਅਨੁਵਾਦ ਕੀਤੇ ਜਾਂਦੇ ਤਾਂ ਅਮੀਰ ਖ਼ੁਸਰੋ ਦਾ, ਇਕ ਨਵੀਂ ਭਾਸ਼ਾ ਦੇ ਵਾਧੇ ਤੇ ਵਿਕਾਸ਼-ਕਰਮ ਵਿਚ ਪਾਇਆ ਉਹਦਾ ਹਿੱਸਾ ਸਾਡੇ ਸਾਹਮਣੇ ਨਹੀਂ ਸੀ ਆਉਣਾ। ਇਹਨਾਂ ਦਾ ਮੌਲਿਕ ਅਧਿਅਨ ਭਾਸ਼ਾ-ਵਿਗਿਆਨ ਦੇ ਇਕ ਵਿਦਿਆਰਥੀ ਲਈ ਦਿਲਚਸਪੀ ਵਾਲਾ ਹੋਏਗਾ।

ਬੁੱਝੀਆਂ ਤੇ ਅਣਬੁੱਝੀਆਂ ਬੁਝਾਰਤਾਂ ਦਾ ਅਨੁਵਾਦ ਬੜਾ ਔਖਾ ਤੇ ਖ਼ਾਸਾ ਜੋਖਮ ਵਾਲਾ ਕੰਮ ਹੈ। ਇਹਨਾਂ ਦੇ ਅਨੁਵਾਦ ਨੇ ਸਗੋਂ ਪੂਰੇ ਅਸਰ ਨੂੰ ਘਟਾ ਕੇ ਵਿਗਾੜ ਦੇਣਾ ਸੀ। ਇਹ ਸਿਰਫ ਉਹਨਾਂ ਲਈ ਹਨ ਜਿੰਨ੍ਹਾਂ ਦੀ ਇਹ ਭਾਸ਼ਾ ਮਾਤਬੋਲੀ ਹੈ ਤੇ ਉਹ ਇਹਦੇ ਅਰਥਾਂ ਦੇ ਭੇਤਾਂ ਨੂੰ ਸਮਝਦੇ ਹਨ। ਇਸ ਪੁਸਤਕ ਦੇ ਲੇਖਕ ਨੇ ਇਸੇ ਤਰ੍ਹਾਂ ਇਸ ਅੱਟਪ ਰੋਕ ਸਦਕਾ ਇਸ ਚੋਣ ਵਿਚ ਅਮੀਰ ਖ਼ੁਸਰੋ ਦੇ 'ਆਂਮਿਲੀ', ਰਲਵੀਂ ਫ਼ਾਰਸੀ-ਹਿੰਦੀ ਵਿਚ ਲਿਖੇ 'ਦੋ-ਸੁਖਨੇ', 'ਕਹਿ-ਮੁਕਰਨੀਆਂ' ਤੇ ਸ਼ਾਮਲ ਨਹੀਂ ਕੀਤੇ। ਅਮੀਰ ਖ਼ੁਸਰੋ ਨੇ ਅਤਿ ਵਿਸ਼ਾਲ ਸਾਹਿੱਤਿਕ ਸ਼ੈਲੀਆਂ ਉਤੇ ਹੱਥ ਅਜ਼ਮਾਇਆ ਤੇ ਇੰਜ ਜਿਥੇ ਉਹ ਆਪਣੀ ਅਮਿੱਟ ਛਾਪ ਛਡ ਕੇ ਗਿਆ ਹੈ ਉਥੇ ਉਹਦੀ ਸ਼ੈਲੀ ਦੀ

ਨਕਲ ਕਰਨਾ ਤੇ ਇਹਨੂੰ ਅਨੁਵਾਦਣਾ ਵੀ ਅਤਿ ਮੁਸ਼ਕਲ ਬਣ ਗਿਆ ਹੈ :

ਦਾਨੀ ਕੀ ਹਸਤਾਮ ਦਰ ਜਹਾਨ ਮਨ ਖ਼ੁਸਰੋ-ਏ-ਸ਼ੀਰੀਂ ਬਿਆਂ;
ਗਰ ਨਾਏਂ ਅਜ਼-ਬਹਰੇ-ਦਿਲਾਦ, ਬਹਰੇ-ਜ਼ਬਾਂ- ਏ ਮਨ ਬਿਆਂ ।"

(ਤੂੰ ਜਾਣਦਾ ਹੈ ਕਿ ਮੈਂ ਦੁਨੀਆਂ ਵਿਚ ਮਿੱਠ-ਬੋਲਾ ਖ਼ੁਸਰੋ ਹਾਂ; ਜੇ ਤੂੰ ਮੇਰੇ ਦਿਲ ਦੇ ਸੁਖ ਲਈ ਨਹੀਂ ਆਉਂਦਾ ਤਾਂ ਮੇਰੀ ਜ਼ਬਾਨ ਕਰ ਕੇ ਜ਼ਰੂਰ ਆ)।

ਹਮਦ[1]

ਸਾਡੀ ਕਲਪਨਾ-ਉਡਾਰੀ ਤੋਂ ਦੂਰ ਵਸੰਦਿਆ,
ਕਿੰਜ ਸਮਝੇ ਤੈਨੂੰ ਸੋਚ ਅਸਾਡੀ ?
ਕਿੰਜ ਸਾਡੀ ਤੁੱਛ, ਮਾਨਵ-ਬੁਧੀ,
ਛੂਹੇ, ਹੋਂਦ ਤੇਰੀ ਦੀ ਸਿਖ਼ਰ ਇਹ ਡਾਢੀ ?
ਐ ਮੌਲਾ, ਜੋ ਮਾਨਵ, ਪੰਛੀ ਤੇ ਦਰਿੰਦੇ,
ਸੱਭੋ ਤੇਰੇ ਦਰ ਦੀ ਧੂੜ,
ਤਾਂ ਕਿੰਜ ਤੇਰੇ ਚਾਨਣ ਦੇ ਪਾਵਨ-ਵੇਸ ਤਕ
ਪਹੁੰਚ ਸਕਦੀ ਇਹ ਨਿਮਾਣੀ ਚਰਨ-ਧੂੜ ?
ਤੇਰੀ ਮਹਾਨ ਸ਼ਕਤੀ ਦਾ ਉਚ-ਮੁਨਾਰਾ,
ਅਨੰਤ ਖ਼ਲਾਅ ਤੋਂ ਵੀ ਬੜਾ ਦੂਰ ;
ਕਿੰਜ ਖ਼ਿਆਲਾਂ ਦਾ ਖੰਭ-ਹੀਣ ਇਹ ਪੰਛੀ,
ਪੁੱਜ ਸਕਦਾ ਏ ਏਨੀ ਦੂਰ ?
ਤੇਰੀ ਸ਼ਹਿਨਸ਼ਾਹੀ-ਬੇਪ੍ਰਵਾਹੀ ਦੇ ਸਾਹਵੇਂ
ਹਜ਼ਾਰਾਂ ਹੀ ਸ਼ਹੀਦ ਹੁਸੈਨ ਜਿਹੇ,
ਦਰਿਆ ਕੰਢੇ ਵੀ ਪਏ ਮਰਨ ਤਿਹਾਏ;
ਤੇ 'ਅੰਤ' ਤਕ ਮਰਨਗੇ ਸਧਰਾਏ ।
ਤੇਰੇ ਏਡੇ ਸੁੰਦਰ ਸਵਰਗੀ ਬਾਗ਼ ਦੇ ਵਿਚੋਂ,
ਜਿਥੇ ਮੁਸ਼ਕਲ ਏ ਫ਼ਰਿਸ਼ਤਿਆਂ ਦਾ ਵੀ ਰਹਿਣਾ,
ਓਥੋਂ ਕਿੰਜ ਪ੍ਰਾਪਤ ਕਰ ਸਕੇ ਸਾਡੀ ਵਫ਼ਾਦਾਰ ਇਹ ਬੁਧੀ,
ਇਕ ਖ਼ੁਸ਼ਬੋ, ਜੀਵਨ-ਉਤਸ਼ਾਹੀ ਮਹਿਕ ਦਾ ਗਹਿਣਾ ?

---

1. ਇਹ ਗ਼ਜ਼ਲ ਦੇ ਰੂਪ ਵਿਚ ਲਿਖੀ ਹੋਈ 'ਹਮਦ' ਹੈ। ਹਮਦ ਵਿਚ ਸਿਰਫ਼ ਸਰਬ ਸ਼ਕਤੀਮਾਨ ਖ਼ੁਦਾ ਦੀਆਂ ਸਿਫ਼ਤਾਂ ਹੀ ਗਾਈਆਂ ਜਾਂਦੀਆਂ ਹਨ ।

ਅਕਸਰ ਤੇਰਾ ਸ਼ਹਿਨਸ਼ਾਹੀ ਜ਼ਹੂਰ,
ਮਨੁੱਖੀ ਦਿਲਾਂ ਦਾ ਦੁਨਿਆਵੀ ਤਖ਼ਤ ਸੁਭਾਇਮਾਨ ਕਰੇ,
ਪਰ ਇਹਨਾਂ ਅਗਿਆਨੀ ਮਨੁੱਖੀ ਕਲਾ-ਕਿਰਤਾਂ ਰਾਹੀਂ,
ਕਿੰਜ ਤੇਰੇ ਜ਼ਹੂਰ ਦਾ ਕੋਈ ਅਹਿਸਾਸ ਕਰੇ ?
ਸਿਰਫ਼ ਚੰਦ ਮੱਕੇ ਜਾਂਦੇ ਭਾਗਵਾਨ ਹਾਜੀਆਂ ਨੂੰ,
ਦਿਸਦਾ ਏ ਤੇਰੇ ਸ਼ਹਿਨਸ਼ਾਹੀ ਰਹਿਮ ਦਾ ਜ਼ਹੂਰ,
ਪਰ ਖ਼ੁਸਰੋ ਕਾਫ਼ਰ ਨੂੰ ਬੁੱਤ ਹੀ ਬੁੱਤ, ਦਿੱਸਣ,
ਹੋਰ ਕੁਝ ਨਾ ਦਿੱਸੇ ਚਾਰੇ ਬੰਨੇ ਦੂਰੋ-ਦੂਰ !
ਹਾਂ, ਮਾਰ ਕਹਿਰ ਦੀ ਬਰਛੀ ਮੇਰੇ,
ਮੈਂ ਤੇਰਾ ਨਿਗੂਣਾ ਸੇਵਕ, ਗ਼ੁਲਾਮ !
ਮਿਹਰਾਂ ਤੇਰੀਆਂ ਦਾ ਮੀਂਹ ਉਹਨਾਂ 'ਤੇ ਹੈ ਵਰ੍ਹਦਾ,
ਹੋਣ ਜੋ ਤੇਰੇ ਚੰਗੇ ਬਰਦੇ ਅਤੇ ਗ਼ੁਲਾਮ !

ਗ਼ਜ਼ਲਾਂ[1]

੧

ਅਹਿ ਵੇਖ ! ਮੁੜ ਤੂੰ ਮੇਰੇ ਕੋਲ ਪਈ ਆਏਂ,
ਗੰਦਲ-ਕੱਚੀ ਤੇਰੀ ਕਾਇਆਂ ਝੂੰਮਦੀ ਆਏ ।
ਓ ਮਹਿਬੂਬਾ ! ਅੱਖਾਂ ਤੇਰੀਆਂ ਨੀਂਦ-ਨਿਤਾਣੀਆਂ,
ਫੇਰੇ ਕਿਧਰ ਤੇਰੇ ਹੁਸਨ ਹੋਰੀਂ ਪਾ ਆਏ ?
ਕਿਸ ਵਿਜੋਗੀ, ਦਿਲ ਤੇਰਾ ਹੈ ਮੋਹਿਆ ?
ਓ ਬੇ-ਵਫ਼ਾਏ ! ਬਣ, ਨਿਰਛਲ ਬਣ !
ਕਿਧਰ ਚੰਨ-ਚਿਹਰਾ ਛੁਪਾ ਏਂ ਆਈ,
ਯੂਸਫ਼ ਹੋਰੀਂ ਹੋਣ ਜਿਉਂ ਖੂਹੇ ਪਾਏ ?
ਤੇਰੀ ਖ਼ਾਤਰ ਭਟਕ ਰਿਹਾ ਹਾਂ, ਪਰ ਤੂੰ ਬੇ-ਪ੍ਰਵਾਹੇ—
ਕਿਧਰ ਭੌਂਦੀ ਫਿਰੇਂ ਕੁਰਾਹੇ ?
ਕਿਸ ਦਾ ਦਿਲ ਸੀ, ਲਗੀ ਜਿਸ ਨੂੰ ਸੱਜਰੀ ਅੱਗ
ਗੱਲ੍ਹਾਂ ਤੇਰੀਆਂ ਲਿਸ਼ਕਦੀਆਂ ਤੋਂ ਲਪਟ-ਲਪਟਾਏ ?
ਕਲ੍ਹ ਆਥਣੇ ਤੂੰ ਪਿਆਲਾ ਕਿਥੇ ਡੀਕਿਆ ?
ਕਿਸ ਨੂੰ ਸਨ ਤੂੰ ਜਾਮ ਫੜਾਏ ?
ਕਿਸ ਦੇ ਤ੍ਰਿਹਾਏ ਹੋਠਾਂ ਨੇ, ਵਿਚ ਹਨੇਰੇ,
ਆਪੂੰ ਜੀਵਨ-ਸੋਮੇ ਹੀ ਗਿੱਲੇ ਕੀਤੇ ਡੀਕ ਲਗਾਏ ?

---

1. ਖ਼ੁਸਰੋ ਦੀਆਂ ਗ਼ਜ਼ਲਾਂ ਦਾ ਇਹ ਅੰਗਰੇਜ਼ੀ ਅਨੁਵਾਦ (ਜਿਸ ਤੋਂ ਪੰਜਾਬੀ ਅਨੁਵਾਦ ਕੀਤਾ ਹੈ) ਡਾ: ਵਾਹੀਦ ਮਿਰਜ਼ਾ ਦੀ ਪੁਸਤਕ 'ਅਮੀਰ ਖ਼ੁਸਰੋ ਦਾ ਜੀਵਨ ਤੇ ਕਿਰਤਾਂ' ਵਿਚ ਦਿਤਾ ਹੋਇਆ ਹੈ, ਤੇ ਇਸ ਪੁਸਤਕ ਦਾ ਲੇਖਕ ਇਸ ਅਨੁਵਾਦ ਲਈ ਡਾ: ਵਾਹੀਦ ਮਿਰਜ਼ਾ ਦਾ ਧੰਨਵਾਦੀ ਹੈ । ਉਹਨੇ ਖ਼ੁਸਰੋ ਦੇ ਜੀਵਨ ਵਿਚੋਂ ਸਿਰਫ਼ ਸੱਤ ਚੋਣਵੀਆਂ ਗ਼ਜ਼ਲਾਂ ਦਾ ਹੀ ਅਨੁਵਾਦ ਦਿਤਾ ਹੈ, ਉਹਨਾਂ ਵਿਚੋਂ ਸਿਰਫ਼ ਤਿੰਨ ਹੀ ਇਸ ਪੁਸਤਕ ਲਈ ਚੁਣਨੀਆਂ ਯੋਗ ਸਮਝੀਆਂ ਹਨ । ਇਹ ਚੋਣ ਭਾਵੇਂ ਨਾਕਾਫ਼ੀ ਵੀ ਹੋਵੇ, ਪਰ ਇਹ ਗ਼ਜ਼ਲਾਂ ਖ਼ੁਸਰੋ ਦੀ, ਗ਼ਜ਼ਲ ਬਾਰੇ ਮੂਲ-ਰੁਚੀ ਨੂੰ ਪੂਰੀ ਤਰ੍ਹਾਂ ਵਿਅਕਤ ਕਰਦੀਆਂ ਹਨ ।

ਤੇਰੀ ਨਿਤਾਣੀ ਝੁਕੀ ਹੋਈ ਇਹ ਕਾਇਆਂ,
ਜਿਸ 'ਚੋਂ ਕਸਤੂਰੀ ਤੇ ਹਿਨਾ ਦੀ ਖ਼ੁਸ਼ਬੋ ਪਈ ਆਏ,
ਕਿਸ ਦੀਆਂ ਦੀਵਾਨੀਆਂ ਬਾਹਾਂ ਨੇ ਸਾਂਭੀ ?
ਤੇ ਕਿਸ ਦੀ ਰਜ਼ਾ ਦੇ ਸਾਹਮਣੇ,
ਤੇਰਾ ਜ਼ਿੱਦੀ ਤਾਣ, ਦੂਹਰਾ ਹੋਇਆ ਲਿਫ਼-ਲਿਫ਼ਾਏ ?
ਕਿਸ ਤੇਰੇ ਹੋਠਾਂ ਨੂੰ ਚੁੰਮਿਆ, ਕਿਸ ਦੇ ਹੱਥਾਂ ਕੱਢੇ ਵੱਟ,
ਤੇ ਕਾਲੀਆਂ-ਸ਼ਾਹ ਜ਼ੁਲਫ਼ਾਂ ਦੇ ਰੰਗ ਲਿਸ਼ਕਾਏ ?
ਆਹ ! ਦੱਸੀਂ ਸੱਚੋ-ਸੱਚ ਨਾਲ ਤੱਤੀਆਂ ਜੁਸ਼ੀਲੀਆਂ ਚੁੰਮਣਾ,
ਕਿਸ ਸੋਹਣੇ ਤੈਨੂੰ ਰਾਤੀਂ ਲਾਡ-ਲਡਾਏ ?
ਨਾ ਗੱਲ੍ਹ ਤੇਰੀ 'ਤੇ ਉਹ ਭਾਹ ਗੁਲਾਬੀ,
ਨਾ ਉਂਜ ਇਹ ਅੱਜ ਭਖ਼ੇ-ਭਖ਼ਾਏ !
ਆ ਖ਼ੁਸਰੋ ਦੱਸ ਉਹ ਕੌਣ ਸੀ,
ਜਿਸ ਦੇ ਕੋਮਲ ਚਿਹਰੇ ਦੇ ਦੀਦਾਰ ਤੂੰ ਪਾਏ ?

੨

ਆਹ ਮਹਿਬੂਬ, ਸਿਰਫ਼ ਇਕੋ ਵਾਰ ਹੀ,
ਕਰ ਖ਼ਿਆਲ, ਮੈਂ ਨਿਮਾਣੇ ਵਲ ਵੀ ਜਾ !
ਤੇਰੀਆਂ ਲੰਮੀਆਂ, ਰੇਸ਼ਮੀ ਝਿੰਮਣੀਆਂ ਹੇਠੋਂ,
ਮਾਰਨ ਅੱਖਾਂ ਅੰਗਿਆਰੇ ਦੀ ਭਾਹ !
ਅਣ-ਸਦਿਆ, ਅਣ-ਕੱਜਿਆ ਸਾਂ ਤੇਰੇ ਕੋਲ ਮੈਂ ਆਇਆ,
ਪਰ ਤੂੰ ਮੈਥੋਂ ਜਾ ਦੂਰ ਸਿਧਾਇਆ ।
ਸੱਚੀਂ ਹੀ ਤੂੰ ਮੈਨੂੰ ਹੈ ਇਹ ਅਹਿਸਾਸ ਕਰਾਇਆ,
ਕਿੰਜ ਦਲੇਰੀ ਮੇਰੀ ਨੂੰ ਚਾਹੀਏ ਮਿਲਣੀ ਇਹ ਸਜ਼ਾ !
ਤੂੰ ਚਲਿਆ ਗਿਆ ਏਂ, ਮੈਂ ਖ਼ੂਬ ਇਹ ਜਾਣਾਂ
ਕਿ ਦਰਦਾਂ ਜੀਵਨ ਦਾ ਨਹੀਂ ਖਹਿੜਾ ਛਡਣਾ,

ਅਫ਼ਸੋਸ ਕਿ ਸੰਘਰਸ਼ ਲਈ ਬਲ ਨਵਾਂ-ਨਰੋਆ,
ਹੁਣ ਮੈਂ ਹੈ ਕਿਥੋਂ ਲੱਭ ਸਕਣਾ ?
ਓ ਮਹਿਬੂਬ ! ਮੁੜ ਆ, ਕੋਲ ਮੇਰੇ ਤੂੰ ਆ ਕੇ ਬੈਠ,
ਬਿੰਦ ਦਾ ਖਿੰਦ ਬੈਠਣ ਵਿਚ, ਕੀ ਹਰਜ ਆ,
ਜੇ ਇਕ ਬਿੰਦ ਕੋਈ ਉਦਾਸ ਦਿਲ,
ਤੇਰੀ ਨੂਰੀ ਹਜ਼ੂਰੀ 'ਚ, ਹੈ ਲਏ ਨਿੱਘਾ ?
ਮੇਰਾ ਜੀਵਨ-ਅੰਤ ਹੋਇਆ, ਪਰ ਤਦ ਵੀ ਮੈਂ ਪਛਤਾਂਦਾ,
ਇਕ ਤੇਰੇ ਵਿਛੋੜੇ ਦਾ ਹੀ ਪਛੋਤਾਵਾ ਹੈ ਪਿਆਰੇ,
ਜੇ ਆ ਸਕੇਂ ਤਾਂ ਜ਼ਰੂਰ ਮੁੜ ਆ, ਕਿਉਂਕਿ
ਮੈਂ ਝੱਲ ਨਹੀਂ ਸਕਦਾ ਇਹ ਦੁਖ ਸਾਰੇ,
ਲੈ ! ਖ਼ੁਸਰੋ ਦਾ ਦੁਖ ਸਾਰੀ ਰਾਤ ਬੀਤਿਆ,
ਇਹ ਲੰਮਾ ਤੇਰੀਆਂ ਕਾਲੀਆਂ ਜ਼ੁਲਫ਼ਾਂ ਹਾਰ,
ਆ ਮਿੱਠੀਏ ! ਛੂੰਗ ਇਹਨਾਂ ਜ਼ੁਲਫ਼ਾਂ ਨੂੰ,
ਤੇ ਕਰ ਉਹਦੀ ਉਦਾਸੀ ਦੂਰ !

੩

ਨਸ਼ੀਲਾ ਗ਼ੁਲਾਬ ਸਰਘੀ ਵੇਲੇ ਜਾਗਿਆ,
ਤੇ ਅਤਿ ਮਿੱਠੀ ਸ਼ਰਾਬ ਨਾਲ ਭਰਿਆ ਉਸ ਪੋਸਤ ਦਾ ਪਿਆਲਾ ;
ਗ਼ੁਲਾਬ ਦੇ ਲਾਗੇ ਚੰਬਾ ਪਿਆ ਊਂਘੇ,
ਨਾਲੇ ਸਰੂ ਖੜੋਤਾ ਸੁਹਣਾ, ਸਿੱਧਾ-ਤੀਰ, ਕੱਦ ਲੰਮੇ-ਵਾਲਾ ;
ਰੁਮਕੀ ਹਵਾ ਤਾਂ ਊਂਘੀ, ਨਰਗਸ ਸੁਹਣੀ
ਝੂਮ ਝੂਮ ਕੇ ਦੂਹਰੀ ਹੋਈ, ਫੇਰ ਉੱਚਾ ਸਿਰ ਕੀਤਾ ਮਨਮੋਹਣੀ ;
ਮੈਂ ਬਾਗ਼ 'ਚ ਆਪਣੇ ਮਹਿਬੂਬ ਕੋਲ ਲੇਟਿਆ, ਜਾਗਾਂ,
ਮਹਿਬੂਬ ਮੇਰਾ, ਸੱਚੀਂ ਉਹ ਚੰਦ ਹੀ ਹੈਸੀ ;
ਪਰ ਤੁਰ ਗਿਆ ਤੁਰਤ ਉਹ ਛੱਡ ਕੇ ਮੈਨੂੰ 'ਕੱਲਾ,
ਰਹਿ ਗਈ ਕੋਲ ਮੇਰੇ ਬਸ ਨਿਰੀ ਉਦਾਸੀ ।

ਗ਼ਜ਼ਲ ਬਾਰੇ ਰਲਵੀਂ-ਮਿਲਵੀਂ ਫ਼ਾਰਸੀ-ਹਿੰਦੀ ਵਿਚ ਕੀਤਾ ਗਿਆ ਇਕ ਨਵੀਨ ਤੇ ਅਤਿ ਮੌਲਿਕ ਤਜਰਬਾ

ਜ਼ੇ ਹਾਲੇ ਮਸਕੀਨ ਮਕੁਨ ਤਗ਼ਾਫ਼ਲ ਦੁਰਾਏ, ਦੁਨੀਆਂ ਬਨਾਏ ਬੱਤੀਆਂ,

ਕੇ ਤਾਬੇ ਹਿਜਰਾਂ ਨਾ ਦਰਮ ਐ ਜਾਨ, ਲੇਹੋ ਨਾ ਕਾਹੇ ਲਗਾਏ ਛਤੀਆਂ,

ਸ਼ਬਾਨੇ ਹਿਜਰਾਂ ਦਰਾਜ਼ ਚੁਨ ਜ਼ੁਲਫ਼-ਓ-ਰੋਜ਼ੇ, ਵਸਲਾਤ ਚੁਨ ਉਮਰ ਕੋਤਾਹ,

ਸਖੀ ਪੀਆ ਕੋ ਜੋ ਮੈਂ ਨਾ ਦੇਖੂੰ ਤੋ ਕੈਸੇ ਕਾਟੂੰ ਅੰਧੇਰੀ ਰਤੀਆਂ,

ਯਕਾ ਯਕ ਅਜ਼ ਦਿਲ ਦੋ ਚਸ਼ਮੇ ਜਾਦੂ, ਬਸਦ ਖ਼ਰਾਬੇਮ ਸਬਰੇ ਤਸਕੀਨ,

ਕਿਸੇ ਪੜੀ ਹੈ ਜੋ ਜਾ ਸੁਨਾਵੇ ਪਿਆਰੇ ਪੀ ਕੋ ਹਮਾਰੀ ਬੱਤੀਆਂ ;

ਚੂ ਸ਼ਮੁਾਂ ਸੋਜ਼ਾਂ, ਚੂ ਜ਼ੱਰਾ ਹੈਰਾਂ, ਹਮੇਸ਼ਾਂ, ਗਿਰੀਆਂ ਬਾ-ਇੱਸ਼ਕ ਆਨ ਮਾਹ ;

ਨਾ ਨੀਂਦ ਨੈਨਾ, ਨਾ ਅੰਗ ਚੈਨਾ, ਨਾ ਆਪ ਆਵੇਂ, ਨਾ ਭੇਜੇਂ ਪਤੀਆਂ ;

ਬਹੱਕੇ ਰੋਜ਼-ਏ-ਵਿਸਾਲੇ ਦਿਲਬਰ ਕੇ ਦਾਦ, ਮਰਾ ਫ਼ਰੇਬ ਖ਼ੁਸਰੋ ;

ਸਾਪੀਤ ਮਨ ਕੀ ਵਰਾਏ ਰਖੂੰ ਜੋ ਜਾਨੇ ਪਾਊਂ ਪੀਆ ਕੀ ਗਤੀਆਂ ।

ਗੁਜਰੀ

ਗੁਜਰੀ ਤੁ ਕੇ ਦਰ ਹੁਸਨੋ ਲਤਾਫ਼ਤ ਚੂੰ ਮਾਹੀ,
ਇਨ ਦੇਗੇ ਦਹੀ ਬਰ ਸਾਰੇ ਤੂ ਚਤਰੇ ਸ਼ਾਹੀ ;
ਅਜ਼ ਹਰ ਦੋ ਲੱਬਾਤ ਾਾਦ-ਓ-ਸ਼ਕਰ ਮੀ ,ਰੇਜ਼ਾਦ,
ਹਰ ਗਾਹ ਕੀ ਮੇ ਗੋਦਾ 'ਦਹੀ ਲੀਹੋ ਦਹੀ ।'

ਬੁੱਝੀਆਂ ਹੋਈਆਂ ਬੁਝਾਰਤਾਂ

ਆਰੀ

ਏਕ ਨਾਰ ਵੋ ਦਾਂਤ ਦਾਂਤੀਲੀ
ਪਤਲੀ, ਦੁਬਲੀ ਛੈਲ-ਛਬੀਲੀ ;
ਜਬ-ਵਾ ਤਿਰੀਆ ਕੋ ਲਾਗੇ ਭੂਕ,
ਸੂਖੇ ਹਰੇ ਚਬਾਵੇ ਰੂਖ ;
ਜੋ ਕੋਈ ਬਤਾਵੇ ਵਾਹ ਕੇ ਬਲਿਹਾਰੀ,
ਖ਼ੁਸਰੋ ਕਹੇ ਵਾਹੇ ਕੋ ਆਰੀ ।

ਅੱਗ

ਪਵਨ ਚਲਤ ਵੋ ਦਿਹ ਬਧਾਵੇ,
ਜਲ ਪੀਵਤ ਵੋ ਜੀਵ ਗੰਵਾਵੇ ;
ਹੈ ਵੋ ਪਿਆਰੀ ਸੁੰਦਰ ਨਾਰ,
ਨਾਰ ਨਹੀਂ, ਪਰ ਹੈ ਵੋ ਨਾਰ ।[1]

ਛਤਰੀ

ਘੂੰਮ ਚੁਮੇਲਾ ਲਹਿੰਗਾ ਪਹਿਨੇ ਏਕ ਪਾਉਂ ਸੇ ਰਹੇ ਖੜੀ,
ਆਠ ਹਾਥ ਹੈਂ ਉਸ ਨਾਰੀ ਕੇ ਸੂਰਤ ਉਸ ਕੀ ਲਾਗੇ ਪਰੀ ;
ਸਭ ਕੋਈ ਉਸ ਕੀ ਚਾਹ ਕਰੇ ਹੈ, ਗਿਬਰੁ-ਮੁਸਲਮਾਨ ਹਿੰਦੂ-ਛਤਰੀ,
ਖ਼ੁਸਰੋ ਨੇ ਯੇ ਕਹੀ ਪਹੇਲੀ ਦਿਲ ਮੇਂ ਅਪਨੇ ਸੋਚ ਜ਼ਰੀ ।

---

1. ਅਰਬੀ ਵਿਚ 'ਨਾਰ' ਦੇ ਅਰਥ ਅੱਗ ਹੁੰਦੇ ਹਨ ।

ਨਾਖ਼ੁਨ (ਨਹੁੰ)

ਹਰ ਕੀ ਦੇਹੀ ਉੱਜਲ ਰੰਗ,
ਲਿਪਟਾ ਰਹੇ ਨਾਰੀ ਕੇ ਸੰਗ;
ਚੋਰੀ ਕੀ ਨਾ ਖ਼ੂਨ ਕੀਆ,
ਵਾ ਕਾ ਸਰ ਕਿਉਂ ਕਾਟ ਲੀਆ ?

ਨਾਓ

ਜਲ ਜਲ ਚਲਤਾ ਬਸਤਾ ਗਾਓਂ ;
ਬਸਤੀ ਮੇਂ ਨਾ ਵਾ ਕਾ ਥਾਓਂ ;
ਖ਼ੁਸਰੋ ਨੇ ਦੀਆ ਵਾ ਕਾ ਨਾਓਂ ;
ਬੂਝੋ ਅਰਥ ਨਹੀਂ ਛੋਡੋ ਗਾਓਂ ।

ਨਕਾਰਾ (ਨਗਾਰਾ)

ਨਰ ਨਾਰੀ ਕੀ ਜੋੜੀ ਦੇਖੀ,
ਜਬ ਬੋਲੇ ਤਬ ਲਾਗੇ ਮੀਠੀ ;
ਏਕ ਕਹਾਏ ਏਕ ਤਾਪਨ ਹਾਰਾ,
ਚਲ ਖ਼ੁਸਰੋ ਕਰ ਕੂਚ ਨਕਾਰਾ ।

ਅਣਬੁੱਝੀਆਂ ਬੁਝਾਰਤਾਂ

ਆਦਮ

ਬਿਧਨਾ ਨੇ ਏਕ ਪੁਰਖ ਬਨਾਇਆ,
ਤਿਰੀਆ ਦੀ, ਔਰ ਨੀਰ ਲਗਾਇਆ ;
ਚੂਕ ਭਈ ਕੁਛ ਵਾ ਸੇ ਐਸੀ,
ਦੇਸ ਛੋੜ ਭਇਓ ਪਰਦੇਸੀ ।

ਅਸਮਾਨ

ਏਕ ਥਾਲ ਮੋਤੀਓਂ ਸੇ ਭਰਾ,
ਸਭ ਕੇ ਸਰ ਪੇ ਊਂਧਾ ਧਰਾ ;
ਚਾਰੋਂ ਓਰ ਵੋਹ ਥਾਲੀ ਫਿਰੇ,
ਮੋਤੀ ਉਸ ਸੇ ਏਕ ਨਾ ਗਿਰੇ ।

ਅੰਬ

ਏਕ ਪੁਰਖ ਜਬ ਮਦ ਪਰ ਆਏ,
ਲਾਖੋਂ ਨਾਰੀ ਸੰਗ ਲਪਟਾਏ ;
ਜਬ ਵੋਹ ਨਾਰੀ ਮਦ ਪਰ ਆਏ,
ਤਬ ਵੋਹ ਨਾਰੀ ਨਾਰ ਕਹਿਲਾਏ ।

ਅੱਖ

ਆਵੇ ਤੋ ਅੰਧੇਰੀ ਲਾਏ,
ਜਾਵੇ ਤੋ ਵੋਹ ਸੁਖ ਲੇ ਜਾਏ ।

ਆਈਨਾ (ਸ਼ੀਸ਼ਾ)

ਕਿਆ ਜਾਨੂੰ ਵੋਹ ਕੈਸਾ ਹੈ ;
ਜੈਸਾ ਦੇਖੋ ਵੈਸਾ ਹੈ ;
ਅਰਥ ਤੂ ਇਸ ਕਾ ਬੂਝੇਗਾ,
ਮੂੰਹ ਦੇਖੋ ਤੋ ਸੂਝੇਗਾ ;
ਸਾਮਨੇ ਆਏ ਕਰ ਦੇ ਦੋ,
ਮਾਰਾ ਜਾਏ ਨਾ ਜ਼ਖ਼ਮੀ ਹੋ ।

ਭੌਂ (ਸਿਹਲੀ)

ਸਿਆਮ ਬਰਨ ਏਕ ਨਾਰੀ,
ਮਾਥੇ ਊਪਰ ਲਾਗੇ ਪਿਆਰੀ ;
ਜੋ ਮਾਨਸ ਇਸ ਅਰਥ ਕੋ ਖੋਲ੍ਹੇ,
ਕੁੱਤੇ ਕੀ ਵੋਹ ਬੋਲੀ ਬੋਲੇ ।

ਬਾਂਸੁਰੀ

ਬਾਂਸ–ਬਰੇਲੀ ਸੇ ਇਕ ਨਾਰੀ,
ਆਈ ਅਪਨੀ ਬੰਦ ਕਟਾਰੀ ;
ਪੀ ਕੁਛ ਉਸ ਨੇ ਕਾਨ ਮੇਂ ਫੂਕੀ,
ਬੋਲੀ ਵੋਹ ਸੁਨ ਪੀ ਕੇ ਮੂੰਹ ਕੀ ;
ਆਹ ਪੀਆ ਯੇ ਕੈਸੀ ਕੀਨੀ ;
ਆਗ ਬਿਰਹਾ ਕੀ ਭੜਕਾ ਦੀਨੀ ।

ਬੱਤੀ-ਚਿਰਾਗ਼ (ਦੀਵੇ ਦੀ ਬੱਤੀ)

ਏਕ ਰਾਜਾ ਕੀ ਅਨੋਖੀ ਰਾਣੀ,
ਨੀਚੇ ਸੇ ਵੋਹ ਪੀਵੇ ਪਾਨੀ ।

ਭੁੱਟਾ (ਛੱਲੀ)

ਏਕ ਤਰਵਰ ਕਾ ਫਲ ਹੈ ਤਾਰ,
ਪਹਿਲੇ ਨਾਰੀ ਪੀਛੇ ਨਾਰ ;
ਵਾ ਫਲ ਕੀ ਯੇਹ ਦੇਖੋ ਚਾਲ,
ਬਾਹਰ ਖ਼ਾਲ ਔਰ ਭੀਤਰ ਬਾਲ ।

ਪਸੀਨਾ

ਧੂਪੋਂ ਸੇ ਵੋਹ ਪੈਦਾ ਹੋਵੇ, ਛਾਉਂ ਦੇਖ ਮੁਰਝਾਵੇ ;
ਏ ਰੀ ਸਖੀ ਮੈਂ ਤੁਝ ਸੇ ਪੂਛੂੰ ਹਵਾ ਲੱਗੇ ਮਰ ਜਾਵੇ ।

ਪਾਨ

ਏਕ ਗੁਨੀ ਨੇ ਯੇ ਗੁਨ ਕੀਨਾ,
ਹਰੀਅਲ ਪਿੰਜਰੇ ਮੇਂ ਦੇ ਦੀਨਾ ;
ਦੇਖੋ ਜਾਦੂਗਰ ਕਾ ਹਾਲ,
ਡਾਲੇ ਹਰਾ ਨਿਕਾਲੇ ਲਾਲ ।

ਸ਼ਮ੍ਹਾਂ

ਏਕ ਨਾਰੀ ਕੇ ਸਰ ਪਰ ਨਾਰ,
ਪੀ ਕੀ ਲਗਨ ਮੇਂ ਖੜੀ ਲਾਚਾਰ ;
ਸੀਸ ਧੁਨੇ ਔਰ ਚਲੇ ਨਾ ਜ਼ੋਰ,
ਰੋ ਰੋ ਕਰ ਵੋਹ ਕਰੇ ਹੈ ਭੋਰ ।

ਕਨਕਊਆ (ਪਤੰਗ)

ਏਕ ਕਹਾਨੀ ਮੈਂ ਕਹੂੰ ਤੂ ਸੁਨ ਲੇ ਮੇਰੇ ਪੂਤ,
ਬਿਨਾਂ ਪਰੋਂ ਵੋਹ ਉੜ ਗਯਾ ਬਾਂਧ ਗਲੇ ਮੇਂ ਸੂਤ ।

Printed at Goyal Offset Works Delhi - 110033.